

सत्यमेव जयते

ਸਿੱਖਿਆ ਮੰਤਰਾਲਾ

MINISTRY OF **EDUCATION**

# ਨੈਸ਼ਨਲ ਪ੍ਰੋਫੈਸ਼ਨਲ ਸਟੈਂਡਰਡਜ਼ ਫਾਰ ਟੀਚਰਜ਼ (ਐੱਨਪੀਐੱਸਟੀ)

**Punjabi/ ਪੰਜਾਬੀ**

*ਐੱਨਪੀਐੱਸਟੀ ਮਾਰਗਦਰਸ਼ਕ ਦਸਤਾਵੇਜ 2023*

## ਪੈਰਾ 5.20, ਐੱਨਈਪੀ 2020

““ਨੈਸ਼ਨਲ ਪ੍ਰੋਫੈਸ਼ਨਲ ਸਟੈਂਡਰਡਜ਼ ਫਾਰ ਟੀਚਰਜ਼ (ਐੱਨਪੀਐੱਸਟੀ) ਦਾ ਇੱਕ ਸਾਂਝਾ ਮਾਰਗਦਰਸ਼ਕ 2020 ਵਿੱਚ ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ ਦੁਆਰਾ ਇਸਦੇ ਪੁਨਰਗਠਿਤ ਨਵੇਂ ਰੂਪ ਵਿੱਚ ਇੱਕ ਪ੍ਰੋਫੈਸ਼ਨਲ ਸਟੈਂਡਰਡ ਸੈਟਿੰਗ ਬਾਡੀ (PSSB) ਜਨਰਲ ਐਜੂਕੇਸ਼ਨ ਕੌਂਸਲ (GEC), ਨੂੰ NCERT, SCERTs, ਸਾਰੇ ਪੱਧਰਾਂ ਅਤੇ ਖੇਤਰਾਂ ਦੇ ਅਧਿਆਪਕਾਂ, ਅਧਿਆਪਕਾਂ ਦੀ ਤਿਆਰੀ ਅਤੇ ਵਿਕਾਸ ਕਰਨ ਵਾਲੀਆਂ ਸੰਸਥਾਵਾਂ, ਵੋਕੇਸ਼ਨਲ ਸਿੱਖਿਆ ਵਿੱਚ ਮਾਹਿਰ ਸੰਸਥਾਵਾਂ ਅਤੇ ਉੱਚ ਸਿੱਖਿਆ ਸੰਸਥਾਵਾਂ ਦੇ ਅਧੀਨ  ਵਿਕਸਤ ਕੀਤਾ ਜਾਵੇਗਾ। ਵੱਖ-ਵੱਖ ਪੱਧਰਾਂ ਤੇ ਅਧਿਆਪਕ ਮੁਹਾਰਤ/ਰੈਂਕ ਹਾਸਲ ਕਰਕੇ ਮਾਪਦੰਡ ਦੀ ਭੂਮਿਕਾ ਦੀਆਂ ਉਮੀਦਾਂ ਅਤੇ ਉਸ ਪੜਾਅ ਲਈ ਲੋੜੀਂਦੀਆਂ ਯੋਗਤਾਵਾਂ ਨੂੰ ਪ੍ਰਾਪਤ ਕਰਨਗੇ। ਇਸ ਵਿੱਚ ਹਰੇਕ ਪੜਾਅ 'ਤੇ ਪ੍ਰਦਰਸ਼ਨ ਦੇ ਮੁਲਾਂਕਣ ਲਈ ਮਾਪਦੰਡ ਵੀ ਸ਼ਾਮਲ ਹੋਵੇਗਾ, ਜੋ ਕਿ ਸਮੇਂ-ਸਮੇਂ 'ਤੇ ਕੀਤਾ ਜਾਵੇਗਾ। ਐੱਨਪੀਐੱਸਟੀ ਪੂਰਵ-ਸੇਵਾ ਅਧਿਆਪਕ ਸਿੱਖਿਆ ਪ੍ਰੋਗਰਾਮ ਦੇ ਡਿਜ਼ਾਈਨ ਨੂੰ ਵੀ ਸੂਚਿਤ ਕਰੇਗਾ। ਇਸ ਨੂੰ ਫਿਰ ਰਾਜਾਂ ਦੁਆਰਾ ਅਪਣਾਇਆ ਜਾ ਸਕਦਾ ਹੈ ਅਤੇ ਅਧਿਆਪਕ ਕੈਰੀਅਰ ਦੇ ਸਾਰੇ ਪਹਿਲੂਆਂ ਪ੍ਰਬੰਧਨ, ਕਾਰਜਕਾਲ, ਪੇਸ਼ੇਵਰ ਵਿਕਾਸ ਦੇ ਯਤਨਾਂ, ਤਨਖਾਹ ਵਾਧੇ ਸਮੇਤ, ਤਰੱਕੀਆਂ, ਅਤੇ ਹੋਰ ਮਾਨਤਾਵਾਂ ਨੂੰ ਨਿਰਧਾਰਤ ਕੀਤਾ ਜਾ ਸਕਦਾ ਹੈ। ਤਰੱਕੀਆਂ ਅਤੇ ਤਨਖਾਹਾਂ ਵਿੱਚ ਵਾਧਾ ਕਾਰਜਕਾਲ ਦੀ ਲੰਬਾਈ ਜਾਂ ਸੀਨੀਆਰਤਾ ਦੇ ਆਧਾਰ 'ਤੇ ਨਹੀਂ ਹੋਵੇਗਾ, ਸਗੋਂ ਅਜਿਹੇ ਮੁਲਾਂਕਣ ਦੇ ਆਧਾਰ 'ਤੇ ਹੀ ਹੋਵੇਗਾ। ਪੇਸ਼ੇਵਰ ਮਾਪਦੰਡਾਂ ਦੀ ਸਮੀਖਿਆ ਅਤੇ ਸੰਸ਼ੋਧਨ 2030 ਵਿੱਚ ਕੀਤੀ ਜਾਵੇਗੀ ਅਤੇ ਇਸ ਤੋਂ ਬਾਅਦ ਹਰ ਦਸ ਸਾਲਾਂ ਵਿੱਚ ਸਖ਼ਤ ਅਨੁਭਵੀ ਵਿਸ਼ਲੇਸ਼ਣ ਸਿਸਟਮ ਦੀ ਪ੍ਰਭਾਵਸ਼ੀਲਤਾ ਦੇ ਆਧਾਰ 'ਤੇ ਕੀਤਾ ਜਾਵੇਗਾ।"

"ਇੱਕ ਚੰਗੀ ਸਿੱਖਿਆ ਸੰਸਥਾ ਉਹ ਹੈ ਜਿਸ ਵਿੱਚ ਹਰ ਵਿਦਿਆਰਥੀ ਦਾ ਸੁਆਗਤ ਅਤੇ ਦੇਖਭਾਲ ਕੀਤੀ ਜਾਂਦੀ ਹੈ, ਜਿੱਥੇ ਇੱਕ ਸੁਰੱਖਿਅਤ ਅਤੇ ਉਤੇਜਕ ਸਿੱਖਣ ਦਾ ਮਾਹੌਲ ਹੁੰਦਾ ਹੈ, ਜਿੱਥੇ ਸਿੱਖਣ ਦੀ ਇੱਕ ਵਿਸ਼ਾਲ ਸ਼੍ਰੇਣੀ ਦੇ ਵੱਖ-ਵੱਖ ਅਨੁਭਵਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਅਤੇ ਜਿੱਥੇ ਵਧੀਆ ਭੌਤਿਕ ਬੁਨਿਆਦੀ ਢਾਂਚਾ ਅਤੇ ਢੁਕਵੇਂ ਸਰੋਤ ਸਿੱਖਣ ਲਈ ਅਨੁਕੂਲ ਸਾਰੇ ਵਿਦਿਆਰਥੀਆਂ ਲਈ ਉਪਲਬਧ ਹੁੰਦੇ ਹਨ। ਹਰ ਵਿਦਿਅਕ ਸੰਸਥਾ ਦਾ ਇਨ੍ਹਾਂ ਗੁਣਾਂ ਦੀ ਪ੍ਰਾਪਤੀ ਦਾ ਟੀਚਾ ਹੋਣਾ ਚਾਹੀਦਾ ਹੈ। ਇਹਨਾਂ ਦੇ ਨਾਲ-ਨਾਲ ਸੰਸਥਾਵਾਂ ਅਤੇ ਸਿੱਖਿਆ ਦੇ ਸਾਰੇ ਪੜਾਵਾਂ ਵਿੱਚ ਸਹਿਜ ਏਕੀਕਰਣ ਅਤੇ ਤਾਲਮੇਲ ਵੀ ਹੋਣਾ ਚਾਹੀਦਾ ਹੈ"।

**“A good education institution is one in which every student feels welcomed and cared for, where a safe and stimulating learning environment exists, where a wide range of learning experiences are offered, and where good physical infrastructure and appropriate resources conducive to learning are available to all students. Attaining these qualities must be the goal of every educational institution. However, at the same time, there must also be seamless integration and coordination across institutions and across all stages of education”.**

**Dharmendra Pradhan**
Hon'ble Education Minister;
Skill Development and
Entrepreneurship Government
of India Shastri Bhawan New
Delhi-110001

**ਧਰਮਿੰਦਰ ਪ੍ਰਧਾਨ**
ਮਾਨਯੋਗ ਸਿੱਖਿਆ ਮੰਤਰੀ;
ਹੁਨਰ ਵਿਕਾਸ ਅਤੇ ਉੱਦਮਤਾ,
ਭਾਰਤ ਸਰਕਾਰ, ਸ਼ਾਸਤਰੀ ਭਵਨ,
ਨਵੀਂ ਦਿੱਲੀ-110001



## ਸੁਨੇਹਾ

ਰਾਸ਼ਟਰੀ ਸਿੱਖਿਆ ਨੀਤੀ (ਐਨਈਪੀ) 2020 ਉੱਤਮਤਾ ਲਈ ਰਾਸ਼ਟਰ ਦੇ ਵਿਦਿਅਕ ਪਰਿਪੇਖ ਵਿੱਚ ਇੱਕ ਮਾਰਗਦਰਸ਼ਕ ਵਜੋਂ ਕੰਮ ਕਰਦੀ ਹੈ। ਆਪਣੀ ਅਗਾਂਹਵਧੂ-ਸੋਚ ਵਾਲੀ ਪਹੁੰਚ ਰਾਹੀਂ, ਇਹ ਅਧਿਆਪਕ ਸਿੱਖਿਆ ਪ੍ਰਣਾਲੀ ਦਾ ਰਾਹ ਪੱਧਰਾ ਕਰਦੀ ਹੈ ਜੋ ਨਾ ਕੇਵਲ ਗਿਆਨ ਪ੍ਰਦਾਨ ਕਰਦੀ ਹੈ, ਬਲਕਿ ਸਿੱਖਣ, ਆਲੋਚਨਾਤਮਕ ਸੋਚ ਅਤੇ ਰਚਨਾਤਮਕਤਾ ਲਈ ਜਨੂੰਨ ਵੀ ਪੈਦਾ ਕਰਦੀ ਹੈ- ਉਹ ਗੁਣ ਵੀ ਪੈਦਾ ਕਰਦੀ ਹੈ ਜੋ ਅਧਿਆਪਕਾਂ ਨੂੰ 21ਵੀਂ ਸਦੀ ਦੀਆਂ ਚੁਣੌਤੀਆਂ ਅਤੇ ਮੌਕਿਆਂ ਲਈ ਤਿਆਰ ਕਰਨ ਲਈ ਜ਼ਰੂਰੀ ਹਨ।

ਭਵਿੱਖ ਵਿੱਚ ਆਉਣ ਵਾਲੀ ਪੀੜ੍ਹੀ ਦੇ ਮਨਾਂ ਨੂੰ ਆਕਾਰ ਦੇਣ ਵਿੱਚ ਅਧਿਆਪਕਾਂ ਦੀ ਅਹਿਮ ਭੂਮਿਕਾ ਨੂੰ ਸਵੀਕਾਰ ਕਰਦੇ ਹੋਏ, ਨੀਤੀ ਇਹ ਮੰਨਦੀ ਹੈ ਕਿ ਅਧਿਆਪਕਾਂ ਲਈ ਲੋੜੀਂਦੇ ਸਾਧਨਾਂ ਦਾ ਪ੍ਰਬੰਧ ਕਰਨਾ ਅਤੇ ਗਿਆਨ ਨਾਲ ਲੈਸ ਕਰਨਾ ਮਹੱਤਵਪੂਰਨ ਹੈ। ਪ੍ਰਭਾਵੀ ਅਧਿਆਪਨ ਅਭਿਆਸਾਂ ਲਈ ਉਮੀਦਾਂ ਅਤੇ ਦਿਸ਼ਾ-ਨਿਰਦੇਸ਼ਾਂ ਨੂੰ ਦਰਸਾਉਂਦੇ ਹੋਏ ਸਿੱਖਿਆ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਅਧਿਆਪਕਾਂ ਲਈ ਪੇਸ਼ੇਵਰ ਮਾਪਦੰਡ ਜ਼ਰੂਰੀ ਹਨ। ਇਹ ਮਾਪਦੰਡ ਅਧਿਆਪਕਾਂ ਦੇ ਹੁਨਰ, ਗਿਆਨ ਅਤੇ ਯੋਗਤਾਵਾਂ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ (ਐੱਨਸੀਟੀਈ) ਨੇ ਅਧਿਆਪਕਾਂ ਲਈ ਨੈਸ਼ਨਲ ਪ੍ਰੋਫੈਸ਼ਨਲ ਫਾਰ ਟੀਚਰਜ਼ (ਐੱਨਪੀਐੱਸਟੀ) ਮਾਰਗਦਰਸ਼ਕ ਦਸਤਾਵੇਜ਼ ਵਿਕਸਤ ਕੀਤਾ ਹੈ, ਜੋ ਕਿ ਮਾਰਗਦਰਸ਼ਕ ਸਿਧਾਂਤਾਂ ਦਾ ਇੱਕ ਸੰਗ੍ਰਹਿ ਹੈ, ਜੋ ਮੁਹਾਰਤ ਦੇ ਵੱਖ-ਵੱਖ ਪੱਧਰਾਂ ਅਤੇ ਪੇਸ਼ੇਵਰ ਕੈਰੀਅਰ ਦੇ ਵੱਖ-ਵੱਖ ਪੜਾਵਾਂ ਵਿੱਚ ਇੱਕ ਅਧਿਆਪਕ ਦੀ ਭੂਮਿਕਾ ਵਿੱਚ ਸ਼ਾਮਲ ਅਨੁਮਾਨਿਤ ਜ਼ਿੰਮੇਵਾਰੀਆਂ ਅਤੇ ਯੋਗਤਾਵਾਂ ਨੂੰ ਬਿਆਨ ਕਰਦਾ ਹੈ। ਇਸ ਤਰ੍ਹਾਂ ਇੱਕ ਨਿਪੁੰਨ ਅਤੇ ਗਤੀਸ਼ੀਲ ਅਧਿਆਪਨ ਸ਼ਕਤੀ ਦੇ ਵਿਕਾਸ ਲਈ ਇੱਕ ਮਾਪਦੰਡ ਵਜੋਂ ਕਾਰਜ ਕਰਦਾ ਹੈ।

ਮੈਨੂੰ ਪੂਰਾ ਯਕੀਨ ਹੈ ਕਿ ਲਗਾਤਾਰ ਯਤਨਾਂ ਨਾਲ ਸਾਡੇ ਰਾਸ਼ਟਰ ਦੇ ਵਿਦਿਅਕ ਦ੍ਰਿਸ਼ ਵਿੱਚ ਸਕਾਰਾਤਮਕ ਤਬਦੀਲੀਆਂ ਆਉਣਗੀਆਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਨਹੁਤ ਲਾਹੇਵੰਦ ਹੋਣਗੀਆਂ।

.

**(ਧਰਮਿੰਦਰ ਪ੍ਰਧਾਨ)**

# ਸੁਨੇਹਾ



**ਅੰਨਪੂਰਨਾ ਦੇਵੀ**
ਾਨਯੋਗ ਸਿੱਖਿਆ ਰਾਜ ਮੰਤਰੀ,
ਸਿੱਖਿਆ ਮੰਤਰਾਲਾ, ਭਾਰਤ
ਸਰਕਾਰ

ਨੈਸ਼ਨਲ ਪ੍ਰੋਫੈਸ਼ਨਲ ਸਟੈਂਡਰਡਜ਼ ਫਾਰ ਟੀਚਰਜ਼ (ਐੱਨਪੀਐੱਸਟੀ) ਅਧਿਆਪਨ ਪੇਸ਼ੇ ਨੂੰ ਉੱਚਾ ਚੁੱਕਣ ਅਤੇ ਸਾਰਿਆਂ ਲਈ ਮਿਆਰੀ ਸਿੱਖਿਆ ਨੂੰ ਯਕੀਨੀ ਬਣਾਉਣ ਦੀ ਵਚਨਬੱਧਤਾ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਸਥਾਪਤ ਕਰਦਾ ਹੈ। ਐੱਨਪੀਐੱਸਟੀ ਗਾਈਡਿੰਗ ਦਸਤਾਵੇਜ ਗੰਭੀਰ ਸਲਾਹ-ਮਸ਼ਵਰੇ, ਖੋਜ ਅਤੇ ਸਿੱਖਿਅਕਾਂ, ਮਾਹਿਰਾਂ, ਮਾਹਿਰ ਸੰਸਥਾਵਾਂ ਅਤੇ ਖੇਤਰ ਵਿੱਚ ਹੋਰ ਹਿੱਸੇਦਾਰਾਂ ਨਾਲ ਮਿਲ ਕੇ ਤਿਆਰ ਕੀਤੇ ਗਏ ਹਨ। ਇਹ ਮਿਆਰ 21ਵੀਂ ਸਦੀ ਦੇ ਜ਼ਰੂਰੀ ਗਿਆਨ, ਹੁਨਰ ਅਤੇ ਰੁਚੀ ਨੂੰ ਪ੍ਰਭਾਵਸ਼ਾਲੀ ਸਿੱਖਿਆ ਨਾਲ ਪਰਿਭਾਸ਼ਿਤ ਕਰਦੇ ਹਨ। ਐੱਨਪੀਐੱਸਟੀ ਗਾਈਡਿੰਗ ਦਸਤਾਵੇਜ਼ ਵਿਆਪਕ ਢਾਂਚਾ ਪ੍ਰਦਾਨ ਕਰਦਾ ਹੈ ਜੋ ਨਾ ਸਿਰਫ਼ ਅਧਿਆਪਕ ਦੀਆਂ ਸਪਸ਼ਟ ਉਮੀਦਾਂ ਨੂੰ ਨਿਰਧਾਰਿਤ ਕਰਦਾ ਹੈ, ਬਲਕਿ ਸਦਾਚਾਰ ਅਤੇ ਨੈਤਿਕਤਾ, ਵਿਸ਼ਾ ਗਿਆਨ ਅਤੇ ਕੈਰੀਅਰ ਪ੍ਰਬੰਧਨ ਲਈ ਪ੍ਰਮਾਣਿਕ ਨਿਰਮਾਣਕਾਰੀ ਦੇ ਨਿਰੰਤਰ ਸੁਧਾਰ ਦੇ ਸੱਭਿਆਚਾਰ ਨੂੰ ਵੀ ਉਤਸ਼ਾਹਿਤ ਕਰਦਾ ਹੈ।

ਮੈਂ ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ (ਐੱਨਸੀਟੀਈ) ਅਤੇ ਸਾਰੇ ਹਿੱਸੇਦਾਰ ਜਿਨ੍ਹਾਂ ਨੇ ਇਹਨਾਂ ਮਾਪਦੰਡਾਂ ਦੇ ਵਿਕਾਸ ਵਿੱਚ ਮੁੱਖ ਭੂਮਿਕਾ ਨਿਭਾਈ ਹੈ ਨੂੰ ਦਿਲੋਂ ਵਧਾਈ ਦਿੰਦੀ ਹਾਂ।

******************************************************************

# ਸੁਨੇਹਾ



**ਸੰਜੇ ਕੁਮਾਰ,ਆਈ.ਏ.ਐਸ.**
ਸਕੱਤਰ ਸਕੂਲ ਸਿੱਖਿਆ ਅਤੇ
ਸਾਖਰਤਾ ਵਿਭਾਗ, ਸਿੱਖਿਆ
ਮੰਤਰਾਲੇ,
ਭਾਰਤ ਸਰਕਾਰ

ਰਾਸ਼ਟਰੀ ਸਿੱਖਿਆ ਨੀਤੀ (ਐੱਨਪੀਈ) 2020 ਨੇ ਭਾਰਤ ਵਿੱਚ ਅਧਿਆਪਕ ਸਿੱਖਿਆ ਦੇ ਖੇਤਰ ਵਿੱਚ ਸੁਧਾਰ ਲਿਆਂਦਾ ਹੈ। ਟੀਚਾ ਪ੍ਰਾਪਤ ਕਰਨ ਲਈ ਸਾਰਿਆਂ ਲਈ ਸੰਪੂਰਨ ਅਤੇ ਮਿਆਰੀ ਸਿੱਖਿਆ ਦੀ ਨੀਤੀ ਨੇ ਵਿਸ਼ੇਸ਼ ਤੌਰ 'ਤੇ ਅਧਿਆਪਨ ਪੇਸ਼ੇ ਦੇ ਵਿਕਾਸ 'ਤੇ ਜ਼ੋਰ ਦਿੱਤਾ ਹੈ ਅਤੇ ਅਧਿਆਪਕਾਂ ਨੂੰ ਸਾਰੇ ਸੁਧਾਰਾਂ ਦੇ ਕੇਂਦਰ ਵਿੱਚ ਰੱਖਿਆ ਹੈ। ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ (ਐੱਨਸੀਟੀਈ) ਨੇ NEP 2020 ਦੇ ਸਾਰੇ ਉਦੇਸ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਨੈਸ਼ਨਲ ਪ੍ਰੋਫੈਸ਼ਨਲ ਸਟੈਂਡਰਡਜ਼ ਫਾਰ ਟੀਚਰਜ਼ (ਐੱਨਪੀਐੱਸਟੀ) ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਇੱਕ ਵਿਆਪਕ ਗਾਈਡਿੰਗ ਦਸਤਾਵੇਜ਼ ਦੇ ਸਮੂਹ ਨੂੰ ਚੰਗੇ ਤਰੀਕੇ ਨਾਲ ਤਿਆਰ ਕੀਤਾ ਗਿਆ ਹੈ। ਵੱਖ-ਵੱਖ ਹਿੱਸੇਦਾਰਾਂ ਦੇ ਨਾਲ ਵਿਚਾਰ-ਵਟਾਂਦਰੇ/ਮਸ਼ਵਰੇ ਅਤੇ ਸਹਿਯੋਗ ਦੀ ਲੜੀ ਦੇ ਅਧਾਰ 'ਤੇ, ਇਹ ਦਸਤਾਵੇਜ਼ ਇੱਕ ਬਾਟਮ-ਅੱਪ ਪਹੁੰਚ ਅਤੇ ਖੋਜ ਦੇ ਵੱਖ-ਵੱਖ ਪੜਾਵਾਂ ਦੇ ਬਾਅਦ ਤਿਆਰ ਕੀਤਾ ਗਿਆ ਹੈ। ਮੈਂ ਉਮੀਦ ਕਰਦਾ ਹਾਂ ਕਿ ਮਾਰਗਦਰਸ਼ਕ ਦਸਤਾਵੇਜ਼ ਅਧਿਆਪਕਾਂ ਦੀ ਯੋਗਤਾ ਨੂੰ ਵਿਕਸਤ ਕਰਨ ਵਿੱਚ ਇੱਕ ਉਤਪ੍ਰੇਰਕ ਬਣੇਗਾ ਅਤੇ ਉਹਨਾਂ ਨੂੰ ਵਿਸ਼ਵ ਪੱਧਰ ਦੇ ਮਾਪਦੰਡਾਂ ਦੇ ਬਰਾਬਰ ਅਧਿਆਪਕ ਬਣਨ ਦੇ ਯੋਗ ਬਣਾਏਗਾ।

ਮੈਂ ਐੱਨਸੀਟੀਈ (NCTE) ਅਤੇ ਇਸ ਕਾਰਜ ਵਿੱਚ ਸ਼ਾਮਲ ਸਾਰੇ ਹਿੱਸੇਦਾਰਾਂ ਨੂੰ ਵਧਾਈ ਦਿੰਦਾ ਹਾਂ।

# ਸੁਨੇਹਾ



**ਪ੍ਰੋ. ਯੋਗੇਸ਼ ਸਿੰਘ**
ਚੇਅਰਪਰਸਨ, ਐੱਨ ਸੀ ਟੀ ਈ,
ਨਵੀਂ ਦਿੱਲੀ

NEP 2020 ਉੱਚ-ਗੁਣਵੱਤਾ ਵਾਲੀ ਸਿੱਖਿਆ 'ਤੇ ਜ਼ੋਰ ਦਿੰਦਾ ਹੈ ਜੋ ਅਧਿਆਪਕਾਂ ਦੇ ਕੰਮ ਦੇ ਦਾਇਰੇ ਅਤੇ 21ਵੀਂ ਸਦੀ ਦੇ ਹੁਨਰਾਂ ਨੂੰ ਦਰਸਾਉਂਦਾ ਹੈ। ਨੈਸ਼ਨਲ ਪ੍ਰੋਫੈਸ਼ਨਲ ਸਟੈਂਡਰਡਜ਼ ਫਾਰ ਟੀਚਰਜ਼ (ਐੱਨਪੀਐੱਸਟੀ) ਮਾਰਗਦਰਸ਼ਕ ਦਸਤਾਵੇਜ਼ ਦੇ ਵਿਕਾਸ ਦਾ ਉਦੇਸ਼ ਹੁਨਰਮੰਦ ਅਧਿਆਪਕਾਂ ਦੀ ਸਿਰਜਣਾ ਕਰਨਾ ਅਤੇ ਸਾਡੇ ਵਿਦਿਆਰਥੀਆਂ ਦੇ ਵਿਦਿਅਕ ਉਦੇਸ਼ਾਂ ਨੂੰ ਪੂਰਾ ਕਰਨਾ ਹੈ। ਐੱਨਪੀਐੱਸਟੀ ਕੰਮ ਅਤੇ ਆਚਰਣ ਵਿੱਚ ਸਭ ਤੋਂ ਵੱਧ ਸੰਭਵ ਮਿਆਰਾਂ ਨੂੰ ਪ੍ਰਾਪਤ ਕਰਨ ਲਈ ਜਵਾਬਦੇਹ ਅਧਿਆਪਕਾਂ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਦਾ ਹੈ। ਆਮ ਤੌਰ ਤੇ ਐੱਨਪੀਐੱਸਟੀ ਵਿੱਚ ਪਰਿਭਾਸ਼ਿਤ ਮਾਪਦੰਡ ਅਧਿਆਪਕਾਂ ਦੇ ਨੈਤਿਕ ਕਾਰਜ ਮੁੱਲ ਅਤੇ ਨੈਤਿਕਤਾ, ਵਿਸ਼ੇ ਦਾ ਚੰਗਾ ਗਿਆਨ, ਪੇਸ਼ੇਵਰ ਰਿਸ਼ਤੇ, ਅਤੇ ਕਰੀਅਰ ਦੇ ਵਾਧੇ ਅਤੇ ਵਿਕਾਸ ਦੀ ਯੋਜਨਾ 'ਤੇ ਕੇਂਦ੍ਰਤ ਕਰਦੇ ਹਨ। ਮੈਂ ਸਾਰਿਆਂ ਲਈ ਮਿਆਰੀ ਸਿੱਖਿਆ ਪ੍ਰਾਪਤ ਕਰਨ ਵਿੱਚ ਯੋਗਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਸਾਰੇ ਹਿੱਸੇਦਾਰਾਂ ਦੇ ਨਾਲ ਇੱਕ ਸੰਪੂਰਨ ਸਹਿਯੋਗ ਦੀ ਉਮੀਦ ਕਰਦਾ ਹਾਂ।

---

# ਸੁਨੇਹਾ



**(ਕੇਸਾਂਗ ਵਾਈ. ਸ਼ੇਰਪਾ, ਆਈ.ਆਰ.ਐੱਸ.)**
ਮੈਂਬਰ ਸਕੱਤਰ, ਐੱਨ ਸੀ ਟੀ ਈ,
ਨਵੀਂ ਦਿੱਲੀ

ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ (ਐੱਨਸੀਟੀਈ) ਨੇ ਇੱਕ ਵਿਧਾਨਕ ਸੰਸਥਾ ਵਜੋਂ ਭਾਰਤ ਵਿੱਚ ਅਧਿਆਪਕ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ ਕਈ ਪਹਿਲਕਦਮੀਆਂ ਕੀਤੀਆਂ ਹਨ। NEP 2020 ਉੱਚ-ਗੁਣਵੱਤਾ ਵਾਲੇ ਅਧਿਆਪਕਾਂ ਨੂੰ ਮਿਆਰੀ ਅਧਿਆਪਨ ਅਤੇ ਸਿੱਖਣ ਦੀ ਪ੍ਰਕਿਰਿਆ ਦੀ ਇੱਕ ਜ਼ਰੂਰੀ ਸ਼ਰਤ ਵਜੋਂ ਮਾਨਤਾ ਦਿੰਦਾ ਹੈ। ਇਸ ਤਰ੍ਹਾਂ ਹੀ, ਐੱਨਸੀਟੀਈ ਨੇ ਨੈਸ਼ਨਲ ਪ੍ਰੋਫੈਸ਼ਨਲ ਸਟੈਂਡਰਡਜ਼ ਫਾਰ ਟੀਚਰਜ਼ ਲਈ ਮਾਰਗਦਰਸ਼ਕ ਦਸਤਾਵੇਜ਼ ਦਾ ਐਲਾਨ ਕੀਤਾ ਹੈ, ਜਿਵੇਂ ਕਿ NEP 2020 ਦੇ ਪੈਰਾ 5.20 ਵਿੱਚ ਦਰਸਾਇਆ ਗਿਆ ਸੀ। ਇਸ ਸਟੈਂਡਰਡ ਨੇ ਮਾਰਗਦਰਸ਼ਕ ਦਸਤਾਵੇਜ਼ ਵਿੱਚ ਅਧਿਆਪਕਾਂ ਲਈ ਪੇਸ਼ੇਵਰ ਮਿਆਰ ਦੀ ਇੱਕ ਸਾਰਣੀ ਬਣਾਈ ਹੈ, ਜਿਸ ਵਿੱਚ ਸਿੱਖਿਅਕਾਂ ਨੂੰ ਕੀ ਪਤਾ ਹੋਣਾ ਚਾਹੀਦਾ ਹੈ, ਉਹਨਾਂ ਨੂੰ ਕਿਵੇਂ ਪ੍ਰਦਰਸ਼ਨ ਕਰਨਾ ਚਾਹੀਦਾ ਹੈ ਅਤੇ 21ਵੀਂ ਸਦੀ ਵਿੱਚ ਕੁਸ਼ਲ ਸਿੱਖਣ ਪ੍ਰਤੀ ਉਹਨਾਂ ਦੇ ਕੈਰੀਅਰ ਦਾ ਵਿਕਾਸ ਕਿਵੇਂ ਹੋਣਾ ਚਾਹੀਦਾ ਹੈ। ਐੱਨਪੀਐੱਸਟੀ ਉਹ ਉਮੀਦਾਂ ਅਤੇ ਯੋਗਤਾਵਾਂ ਜਿਹਨਾਂ ਦੀ ਸਿੱਖਿਅਕਾਂ ਨੂੰ ਵੱਖ-ਵੱਖ ਪੱਧਰਾਂ 'ਤੇ ਮੁਹਾਰਤ ਅਤੇ/ਜਾਂ ਕਰੀਅਰ ਦੇ ਵੱਖ-ਵੱਖ ਪੜਾਵਾਂ 'ਤੇ ਅਨੁਭਵ ਨੂੰ ਪੂਰਾ ਕਰੇਗਾ।

ਮੈਂ ਆਪਣੇ ਸਾਰੇ ਸੀਨੀਅਰਾਂ ਅਤੇ ਡਰਾਫਟ ਕਮੇਟੀ ਦੇ ਮੈਂਬਰਾਂ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਐੱਨਪੀਐੱਸਟੀ ਨਾਲ ਸੰਬੰਧਿਤ ਮਾਰਗਦਰਸ਼ਕ ਦਸਤਾਵੇਜ਼ ਦੇ ਵਿਕਾਸ ਅਤੇ ਡਿਜ਼ਾਈਨਿੰਗ ਦੇ ਯਤਨਾਂ ਦਾ ਸਮਰਥਨ ਕੀਤਾ। ਮੈ ਐੱਨਸੀਟੀਈ ਦੀ ਸਮੁੱਚੀ ਟੀਮ ਨੂੰ ਵਧਾਈ ਦਿੰਦੀ ਹਾਂ।

# ਵਿਸ਼ਾ - ਸੂਚੀ


| ਕ੍ਰਮ ਸੰਖਿਆ | ਵਿਸ਼ਾ-ਵਸਤੂ | ਪੰਨਾ ਨੰਬਰ |
|---|---|---|
| **1.** | **ਜਾਣ-ਪਛਾਣ** | **1** |
| **2.** | **ਅਧਿਆਪਨ: ਇੱਕ ਪੇਸ਼ਾ** | **3** |
| 2.1 | ਅਧਿਆਪਨ ਇੱਕ ਪੇਸ਼ੇ ਵਜੋਂ | 3 |
| 2.2 | ਪੇਸ਼ੇਵਰ ਮਿਆਰਾਂ ਦੀ ਸਮਝ | 5 |
| 2.3 | ਅਧਿਆਪਕਾਂ ਅਤੇ ਅਧਿਆਪਨ ਲਈ ਪੇਸ਼ੇਵਰ ਮਿਆਰਾਂ ਦੀ ਮਹੱਤਤਾ | 5 |
| **3.** | **ਨੈਸ਼ਨਲ ਪ੍ਰੋਫ਼ੈਨਲ ਸਟੈਂਡਰਡਜ਼ ਫਾਰ ਟੀਚਰਜ਼ (ਐੱਨਪੀਐੱਸਟੀ)** | **7** |
| 3.1 | ਐੱਨਪੀਐੱਸਟੀ ਦੀ ਪ੍ਰਸੰਗਿਕਤਾ | 7 |
| 3.2 | ਅਧਿਆਪਕਾਂ ਲਈ ਪੇਸ਼ੇਵਰ ਮਿਆਰ | 8 |
| 3.3 | ਯੋਗਤਾ 'ਚ ਵਾਧਾ ਅਤੇ ਵਿਕਾਸ | 12 |
| 3.4 | ਪ੍ਰੋਫੈਸ਼ਨਲ ਸਟੈਂਡਰਡਜ਼ ਫਾਰ ਟੀਚਰਜ਼ (ਐੱਨਪੀਐੱਸਟੀ) | 13 |
| **4.** | **ਨੈਸ਼ਨਲ ਪ੍ਰੋਫੈਸ਼ਨਲ ਸਟੈਂਡਰਡਜ਼ ਫਾਰ ਟੀਚਰਜ਼ (ਐੱਨਪੀਐੱਸਟੀ) ਦਾ ਢਾਂਚਾ** | **14** |
| 4.1 | ਮਿਆਰ 1: ਮੁੱਖ ਕਦਰਾਂ-ਕੀਮਤਾਂ ਅਤੇ ਨੈਤਿਕਤਾ | 14 |
| 4.2 | ਮਿਆਰ 2: ਗਿਆਨ ਅਤੇ ਅਭਿਆਸ | 14 |
| 4.3 | ਮਿਆਰ 3: ਪੇਸ਼ੇਵਰ ਵਾਧਾ ਅਤੇ ਵਿਕਾਸ | 15 |
| **5.** | **ਲਾਗੂ ਕਰਨਾ** | **22** |
| 5.1 | ਕਾਰਜ ਯੋਜਨਾ | 22 |
| 5.2 | ਅਨੁਕੂਲਤਾ | 23 |
| 5.3 | ਸਮੇਂ-ਸਮੇਂ 'ਤੇ ਸਮੀਖਿਆ | 23 |
| **6.** | **ਐੱਨਪੀਐੱਸਟੀ ਰੂਪਰੇਖਾ (ਸੁਝਾਅ) 'ਤੇ ਅਧਾਰਿਤ ਮੁਲਾਂਕਣ ਸਾਧਨ** | **24** |

| | | |
|---|---|---|
| 7. | ਐੱਨਪੀਐੱਸਟੀ 'ਤੇ ਐੱਨਸੀਟੀਕਿਊ ਲਈ ਡਿਜੀਟਲ ਬੁਨਿਆਦੀ ਢਾਂਚਾ ਯੋਜਨਾ | 35 |
| 8. | ਚਿੱਤਰਾਂ ਦੀ ਸੂਚੀ | 37 |
| 9. | ਸੰਖੇਪ ਰੂਪ | 38 |
| 10. | ਪੁਸਤਕ ਸੂਚੀ | 39 |
| 11. | ਐੱਨਪੀਐੱਸਟੀ ਮਾਹਿਰ ਕਮੇਟੀ | 40 |

# 1. ਜਾਣ-ਪਛਾਣ

ਰਾਸ਼ਟਰੀ ਸਿੱਖਿਆ ਨੀਤੀ 2020 (NEP 2020) ਭਾਰਤ ਵਿੱਚ ਸਿੱਖਿਆ ਪ੍ਰਣਾਲੀ ਵਿੱਚ ਬੁਨਿਆਦੀ ਸੁਧਾਰਾਂ ਦੇ ਕੇਂਦਰ ਵਿੱਚ ਅਧਿਆਪਕ ਨੂੰ ਰੱਖਦੀ ਹੈ। ਸਿੱਖਿਆ ਇੱਕ ਲਗਾਤਾਰ ਪ੍ਰਕਿਰਿਆ ਹੈ ਜੋ ਹਰ ਨਾਗਰਿਕ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਇਸ ਪ੍ਰਕਿਰਿਆ ਵਿੱਚ ਅਧਿਆਪਕ ਦਾ ਮਹੱਤਵਪੂਰਣ ਯੋਗਦਾਨ ਹੁੰਦਾ ਹੈ। ਰਾਸ਼ਟਰੀ ਪ੍ਰੋਫੈਸ਼ਨਲ ਸਟੈਂਡਰਡ ਫਾਰ ਟੀਚਰਜ਼ (ਐੱਨਪੀਐੱਸਟੀ) ਦਾ ਉਦੇਸ਼ ਐੱਨਈਪੀ 2020 ਦੇ ਉਦੇਸ਼ਾਂ ਨੂੰ ਪੂਰਾ ਕਰਨਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਭ ਵਿਦਿਆਰਥੀਆਂ ਨੂੰ ਬਰਾਬਰ ਸਰਵੋਤਮ ਸਿੱਖਿਆ ਪ੍ਰਾਪਤ ਹੋਵੇ। ਐੱਨਪੀਐੱਸਟੀ ਭਰੋਸਾ ਦਿਵਾਉਂਦੀ ਹੈ ਕਿ ਸਾਰੇ ਅਧਿਆਪਕ ਉਤਸ਼ਾਹੀ, ਪ੍ਰੇਰਿਤ, ਉੱਚ ਯੋਗਤਾ ਵਾਲੇ ਚੰਗੀ ਤਰ੍ਹਾਂ ਤਿਆਰ ਅਤੇ ਸਿਖਲਾਈ ਦੇ ਸਾਰੇ ਪੱਧਰਾਂ ਵਿੱਚ ਸਿਖਲਾਈ ਕਰਨ ਲਈ ਤਿਆਰ ਹੋਣਗੇ। ਇਸ ਤਰ੍ਹਾਂ, ਅਧਿਆਪਨ ਕਿੱਤੇ ਲਈ ਉੱਤਮ ਪ੍ਰਤਿਭਾ ਨੂੰ ਉਭਾਰਨਾ ਸਮੇਂ ਦੀ ਲੋੜ ਹੈ।

ਐੱਨਪੀਐੱਸਟੀ ਵੱਖ-ਵੱਖ ਕਿੱਤਾ ਮੁਖੀ ਪੜਾਵਾਂ ਤੇ ਅਧਿਆਪਕਾਂ ਦੇ ਗੁਣਾਂ ਦੀ ਪਛਾਣ ਕਰਨ ਵਿੱਚ ਮਦਦ ਕਰਦਾ ਹੈ। ਇਸ ਤੋਂ ਇਲਾਵਾ ਇਹ ਸਭ ਅਧਿਆਪਕਾਂ ਦੀ ਤਿਆਰੀ, ਅਭਿਆਸ ਅਤੇ ਪ੍ਰਦਰਸ਼ਨ ਦੇ ਸੁਧਾਰ 'ਤੇ ਧਿਆਨ ਦਿੰਦਾ ਹੈ। ਮਾਪਦੰਡ ਅਤੇ ਸੰਬੰਧਿਤ ਨੀਤੀਆਂ ਬੁਨਿਆਦੀ NEP 2020 ਸਿਧਾਂਤਾਂ ਦੇ ਅਨੁਸਾਰ ਹਨ, ਜੋ ਸਿੱਖਿਆ ਪ੍ਰਣਾਲੀ ਦੀ ਅਗਵਾਈ ਕਰਨਗੇ ਅਤੇ ਸਾਰਿਆਂ ਨੂੰ ਉੱਚ-ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਲਈ NEP 2020 ਦੇ ਨੀਤੀਗਤ ਪਹਿਲਕਦਮੀਆਂ ਦੇ ਵਿਜ਼ਨ ਦਾ ਸਮਰਥਨ ਕਰਨਗੇ। ਐੱਨਪੀਐੱਸਟੀ ਪੂਰਵ-ਸੇਵਾ ਅਧਿਆਪਕ ਸਿੱਖਿਆ ਪ੍ਰੋਗਰਾਮ ਨੂੰ ਡਿਜ਼ਾਈਨ ਅਤੇ ਸਾਰੇ ਅਧਿਆਪਕ ਕਿੱਤਾਮੁੱਖੀ ਪ੍ਰਬੰਧ ਦੇ ਸਾਰੇ ਪਹਿਲੂਆਂ ਦੇ ਨਿਰਧਾਰਨ ਵਿੱਚ ਵੀ ਮਦਦ ਕਰੇਗਾ।

ਵਿਦਿਆਰਥੀਆਂ ਨੂੰ ਅਧਿਆਪਕਾਂ ਵੱਲੋਂ ਹੁਨਰਮੰਦ ਬਣਾਉਣ ਲਈ ਕੀਤੇ ਗਏ ਯਤਨਾਂ ਦਾ ਫਲ ਮਿਲਦਾ ਹੈ। ਪ੍ਰੋਫੈਸ਼ਨਲ ਸਟੈਂਡਰਡਜ਼ ਫਾਰ ਟੀਚਰਜ਼ ਵਿਭਿੰਨ ਕਿੱਤਾਮੁੱਖੀ ਮਾਰਗਾਂ ਅਤੇ ਮੁਹਾਰਤ ਦੇ ਵੱਖ-ਵੱਖ ਪੱਧਰਾਂ 'ਤੇ ਨਾਲ ਹੀ ਹਰੇਕ ਲਈ ਲੋੜੀਂਦੀਆਂ ਯੋਗਤਾਵਾਂ ਲਈ ਦੱਸਣਗੇ ਕਿ ਪੇਸ਼ਾਵਰ ਅਧਿਆਪਕਾਂ ਤੋਂ ਕੀ ਉਮੀਦ ਕੀਤੀ ਜਾਂਦੀ ਹੈ। ਪੇਸ਼ੇਵਰ ਮਾਪਦੰਡਾਂ ਦੀ ਸਮੀਖਿਆ ਕੀਤੀ ਜਾਵੇਗੀ ਅਤੇ 2030 ਵਿੱਚ ਰਾਸ਼ਟਰੀ ਪੱਧਰ 'ਤੇ ਸੋਧਿਆ ਜਾਵੇਗਾ ਅਤੇ ਉਸ ਤੋਂ ਬਾਅਦ ਹਰ ਦਸ ਸਾਲਾਂ ਬਾਅਦ 'ਤੇ ਪ੍ਰਭਾਵਸ਼ੀਲਤਾ ਨਾਲ ਸਿਸਟਮ ਦੀ ਕਾਰਾਗਰੀ ਦੇ ਆਧਾਰ ਤੇ ਅਨੁਭਵੀ ਵਿਸ਼ਲੇਸ਼ਣ ਕੀਤਾ ਜਾਵੇਗਾ।

ਨੈਸ਼ਨਲ ਕਾਊਂਸਲ ਫ਼ਾਰ ਟੀਚਰ ਐਜੂਕੇਸ਼ਨ (ਐੱਨਸੀਟੀਈ) ਇੱਕ ਵਿਧਾਨਕ ਸੰਸਥਾ ਹੈ ਜੋ ਨੈਸ਼ਨਲ ਕਾਊਂਸਲ ਫ਼ਾਰ ਟੀਚਰ ਐਜੂਕੇਸ਼ਨ ਐਕਟ (ਐੱਨਸੀਟੀਈ ਐਕਟ), 1993 ਦੁਆਰਾ ਬਣਾਇਆ ਗਿਆ ਹੈ। ਇਹ ਦੇਸ਼ ਭਰ ਵਿੱਚ ਪੂਰਵ-ਸੇਵਾ ਅਤੇ ਸੇਵਾ-ਵਿੱਚ-ਅਧਿਆਪਕਾਂ ਦੇ ਯੋਜਨਾਬੱਧ ਅਤੇ ਤਾਲਮੇਲ ਵਾਲੇ ਵਿਕਾਸ ਦੇ ਲਈ ਲਾਜ਼ਮੀ ਹੈ। ਐੱਨਪੀਐੱਸਟੀ (ਐੱਨਪੀਐੱਸਟੀ) ਦਾ ਐਲਾਨ ਸਿੱਖਿਆ ਮੰਤਰਾਲੇ (MoE) ਦੇ ਇੱਕ ਆਦੇਸ਼ ਦੇ ਰੂਪ ਵਿੱਚ ਨੇ ਬਜਟ 2021 ਵਿੱਚ ਕੀਤਾ ਗਿਆ ਸੀ ਅਤੇ ਐੱਨਸੀਟੀਈ ਨੂੰ ਇਸ ਕੰਮ ਦੀ ਜ਼ਿੰਮੇਵਾਰੀ ਸੌਂਪੀ ਸੀ। ਐੱਨਪੀਐੱਸਟੀ ਦੇ ਵੱਖ-ਵੱਖ ਪਹਿਲੂਆਂ 'ਤੇ ਵੱਖ-ਵੱਖ ਹਿੱਸੇਦਾਰਾਂ ਤੋਂ ਪ੍ਰਾਪਤ ਜਾਣਕਾਰੀ ਅਤੇ ਸੁਝਾਅ ਦੇ ਆਧਾਰ 'ਤੇ ਐੱਨਪੀਐੱਸਟੀ ਦਸਤਾਵੇਜ਼ ਤਿਆਰ ਕਰਨ ਲਈ ਇੱਕ ਮਾਹਿਰ ਕਮੇਟੀ ਦਾ ਗਠਨ ਕੀਤਾ ਗਿਆ ਸੀ। ਮੁੱਢਲੀ ਖੋਜ ਲਈ ਡਿਜੀਟਲ ਸਲਾਹ-ਮਸ਼ਵਰੇ ਦੁਆਰਾ ਦਸਤਾਵੇਜ਼ ਤਿਆਰ ਕਰਨ ਅਤੇ ਸਮੁੱਚੇ ਤਾਲਮੇਲ ਲਈ ਬਾਟਮ-ਅੱਪ ਅਪ੍ਰੋਚ ਦੇ ਤਹਿਤ ਸੁਝਾਅ/ਇਨਪੁਟਸ ਦਾ ਸੱਦਾ ਦੇਣ ਲਈ, MyNEP2020 ਪੋਰਟਲ ਅਪ੍ਰੈਲ 2021 ਵਿੱਚ ਬਣਾਇਆ ਗਿਆ ਸੀ। ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਦੇ ਚੁਣੇ ਹੋਏ ਟੀਚੇ ਵਾਲੇ ਦਰਸ਼ਕਾਂ ਵਿੱਚ ਇੱਕ ਪ੍ਰਸ਼ਨਾਵਲੀ ਦੁਆਰਾ ਖਾਸ ਟਿੱਪਣੀਆਂ/ਇਨਪੁਟਸ ਨੂੰ ਸੱਦਾ ਦੇਣ ਲਈ ਸੈਕੰਡਰੀ ਖੋਜ ਕੀਤੀ ਗਈ ਸੀ।

ਚਾਰ ਦੇਸ਼ਾਂ ਦੇ ਐੱਨਪੀਐੱਸਟੀ ਦਸਤਾਵੇਜ਼ਾਂ ਦੇ ਤੁਲਨਾਤਮਕ ਅਧਿਐਨ ਕਰਨ ਲਈ ਅੰਤਰਰਾਸ਼ਟਰੀ ਪੱਧਰ 'ਤੇ ਸਭ ਤੋਂ ਵਧੀਆ ਮਾਪ-ਦੰਡ ਅਭਿਆਸਾਂ 'ਤੇ ਇੱਕ ਰਿਪੋਰਟ ਤਿਆਰ ਕੀਤੀ ਗਈ ਸੀ। ਮਾਹਿਰ ਕਮੇਟੀ ਦੁਆਰਾ ਕੀਤੇ ਗਏ ਕਈ ਵਿਚਾਰ ਵਟਾਂਦਰੇ ਅਤੇ ਸੰਸ਼ੋਧਨ ਤੋਂ ਬਾਅਦ ਐੱਨਪੀਐੱਸਟੀ 'ਤੇ ਇੱਕ ਪ੍ਰਾਰੰਭਕ ਰੂਪ-ਰੇਖਾ ਤਿਆਰ ਕੀਤੀ ਗਈ ਅਤੇ 17 ਨਵੰਬਰ 2021 ਨੂੰ ਐੱਨਸੀਟੀਈ ਦੀ ਵੈੱਬਸਾਈਟ ਅਤੇ MyGov ਪੋਰਟਲ 'ਤੇ ਜਨਤਕ ਸਮੀਖਿਆ ਲਈ ਇਸਨੂੰ ਜਾਰੀ ਕੀਤਾ ਗਿਆ ਸੀ। ਇਸ ਦੇ ਨਾਲ ਹੀ ਅਕਾਦਮਿਕ, ਵਿਦਿਅਕ ਪ੍ਰਸ਼ਾਸਕਾਂ, ਅਧਿਆਪਕ ਸਿੱਖਿਅਕਾਂ, ਐੱਚ.ਓ.ਡੀ., ਐੱਸ.ਸੀ.ਆਰ.ਟੀ., ਡੀ.ਆਈ.ਈ.ਟੀ, ਪ੍ਰਿੰਸੀਪਲਾਂ, ਅਧਿਆਪਕਾਂ (ਪਬਲਿਕ/ ਪ੍ਰਾਈਵੇਟ), ਐਨ.ਜੀ.ਓਜ਼, ਹੋਰ ਹਿੱਸੇਦਾਰਾਂ ਨਾਲ 15 ਓਪਨ ਹਾਊਸ ਚਰਚਾਵਾਂ ਦੁਆਰਾ ਐੱਨ.ਪੀ.ਐੱਸ.ਟੀ 'ਤੇ ਆਧਾਰਿਤ ਪ੍ਰਾਰੰਭਕ ਰੂਪ-ਰੇਖਾ ਦੇਸ਼ 'ਚ ਜ਼ਮੀਨੀ ਪੱਧਰ ਤੇ ਕਾਰਜਕਾਰੀ ਇਨਪੁਟਸ/ਵਿਚਾਰ ਇਕੱਠਾ ਕਰਨ ਲਈ ਕੀਤੀ ਗਈ।

ਇਸ ਦੇ ਨਾਲ ਹੀ ਦੇਸ਼ ਭਰ ਵਿੱਚ ਸ਼ੁਰੂਆਤੀ ਰੂਪ-ਰੇਖਾ ਦੇ ਵਰਣਨਕਰਤਾਵਾਂ ਦੇ ਨਿਵੇਸ਼ ਦੇ ਨਾਲ-ਨਾਲ ਮੁਲਾਂਕਣ ਲਈ ਸਾਧਨਾਂ/ਤਰੀਕਿਆਂ ਬਾਰੇ ਸੁਝਾਅ ਲੈਣ ਲਈ ਅਤੇ ਐੱਨਪੀਐੱਸਟੀ ਦਸਤਾਵੇਜ਼ ਵਿੱਚ ਵਰਣਿਤ ਯੋਗਤਾਵਾਂ ਦਾ ਮੁਲਾਂਕਣ ਕਰਨ ਲਈ ਅਧਿਆਪਕਾਂ, ਪ੍ਰਿੰਸੀਪਲਾਂ, ਡੀ.ਆਈ.ਈ.ਟੀ., ਨਾਲ 5 ਅੰਦਰੂਨੀ ਸਲਾਹ-ਮਸ਼ਵਰੇ ਕੀਤੇ ਗਏ। ਖੋਜ ਦਾ ਤੀਜਾ ਪੱਧਰ ਹੋਣ ਕਰਕੇ, ਫਿਰ ਹਿੱਸੇਦਾਰਾਂ ਦੇ ਇਨਪੁਟਸ/ਸੁਝਾਵਾਂ ਦੀ ਵਰਤੋਂ ਐੱਨਪੀਐੱਸਟੀ 'ਤੇ ਅੰਤਮ ਡਰਾਫਟ ਤਿਆਰ ਕਰਨ ਲਈ ਕੀਤੀ ਗਈ ਅਤੇ 29 ਮਾਰਚ 2022 ਨੂੰ ਐੱਨਪੀਐੱਸਟੀ ਲਈ ਗਠਿਤ ਕਮੇਟੀ ਦੇ ਸਾਹਮਣੇ ਰੱਖਿਆ ਗਿਆ ਅਤੇ ਫੀਲਡ ਟ੍ਰਾਇਲ ਸੰਸਕਰਣ ਦੇ ਰੂਪ ਵਿੱਚ ਮਨਜ਼ੂਰ ਕੀਤਾ ਗਿਆ। ਐੱਨਪੀਐੱਸਟੀ ਮਾਰਗਦਰਸ਼ਕ ਦਸਤਾਵੇਜ਼ ਲਾਗੂ ਕਰਨ ਅਤੇ ਪ੍ਰਭਾਵਿਤ ਮੁਲਾਂਕਣ ਲਈ ਕੇਂਦਰ ਸਰਕਾਰ ਦੀ ਮਲਕੀਅਤ ਵਾਲੇ 75 ਸਕੂਲਾਂ (25 ਕੇ.ਵੀ.ਐੱਸ.+25 ਐੱਨ.ਵੀ.ਐੱਸ. +25 ਸੀ.ਬੀ.ਐੱਸ.ਈ) ਵਿੱਚ ਦੇਸ਼ ਭਰ ਦੇ 1175 ਅਧਿਆਪਕਾਂ ਨਾਲ ਪਾਇਲਟ ਕੀਤਾ ਗਿਆ।

ਪ੍ਰੋਫੈਸ਼ਨਲ ਸਟੈਂਡਰਡਜ਼ ਫਾਰ ਟੀਚਰਜ਼ (ਐੱਨਪੀਐੱਸਟੀ), ਜਿਵੇਂ ਕਿ NEP ਦੇ ਪੈਰਾ 5.20 ਵਿੱਚ ਕਲਪਨਾ ਕੀਤਾ ਗਿਆ ਹੈ 2020, ਦਾ ਉਦੇਸ਼ ਸਾਰੇ ਸਿਖਿਆਰਥੀਆਂ ਲਈ ਉੱਚ-ਗੁਣਵੱਤਾ ਵਾਲੀ ਸਿੱਖਿਆ ਤੱਕ ਬਰਾਬਰ ਪਹੁੰਚ ਕਰਨਾ ਹੈ। NEP 2020 ਦੇ ਆਦੇਸ਼ ਨੂੰ ਪ੍ਰਾਪਤ ਕਰਨ ਲਈ ਐੱਨਪੀਐੱਸਟੀ 'ਤੇ ਮਾਰਗਦਰਸ਼ਕ ਦਸਤਾਵੇਜ਼ ਸਕੂਲੀ ਸਿੱਖਿਆ ਦੇ ਸੰਬੰਧ ਵਿੱਚ ਤਿਆਰ ਕੀਤਾ ਗਿਆ ਹੈ ਜਿਸ ਵਿੱਚ ਸਾਰੇ ਵਿਦਿਆਰਥੀਆਂ ਨੂੰ ਸੰਵੇਗਸ਼ੀਲ, ਪ੍ਰੇਰਿਤ, ਉੱਚ ਯੋਗਤਾ ਪ੍ਰਾਪਤ, ਪੇਸ਼ੇਵਰ ਤੌਰ 'ਤੇ ਸਿਖਲਾਈ ਪ੍ਰਾਪਤ, ਅਤੇ ਚੰਗੀ ਤਰ੍ਹਾਂ ਸੁਸੱਜਤ ਅਧਿਆਪਕਾਂ ਦੁਆਰਾ ਪੜ੍ਹਾਇਆ ਜਾਂਦਾ ਹੈ। ਇਸ ਦਾ ਉਦੇਸ਼ ਅਧਿਆਪਕ ਕੈਰੀਅਰ ਪ੍ਰਬੰਧਨ ਅਤੇ ਹੋਰ ਪਛਾਣਾਂ ਦੇ ਸਭ ਪਹਿਲੂ ਨੂੰ ਨਿਰਧਾਰਤ ਕਰਨਾ ਹੈ। ਇਹ ਗੁਣਵੱਤਾ ਦਾ ਬਿਆਨ ਅਤੇ ਵੱਖ-ਵੱਖ ਪੜਾਵਾਂ/ਪੱਧਰਾਂ 'ਤੇ ਅਧਿਆਪਕਾਂ ਦੀਆਂ ਯੋਗਤਾਵਾਂ ਨੂੰ ਪਰਿਭਾਸ਼ਿਤ ਕਰਦਾ ਹੈ।

ਨੈਸ਼ਨਲ ਸੈਂਟਰ ਫਾਰ ਟੀਚਰ ਕੁਆਲਿਟੀ (NCTQ), ਐੱਨਸੀਟੀਈ ਵਿੱਚ ਇੱਕ ਡਿਜੀਟਲ ਪਲੇਟਫਾਰਮ ਸਥਾਪਤ ਕੀਤਾ ਗਿਆ ਹੈ ਜਿਸ ਵਿੱਚ ਐੱਨਪੀਐੱਸਟੀ ਦੇ ਸੰਚਾਲਨ ਲਈ ਰਾਸ਼ਟਰੀ ਰਿਪੋਜ਼ਟਰੀ ਜ਼ਿੰਮੇਵਾਰ ਹੋਵੇਗੀ। ਇਸ ਤੋਂ ਇਲਾਵਾ, ਹਿੱਸੇਦਾਰਾਂ/ਲਾਗੂ ਕਰਨ ਵਾਲੀਆਂ ਏਜੰਸੀਆਂ ਦਾ ਸਮਰੱਥਾ ਨਿਰਮਾਣ ਪ੍ਰੋਗਰਾਮ ਹੋਰ ਸਰੋਤ ਵਿਅਕਤੀਆਂ/ਏਜੰਸੀਆਂ ਦੀ ਸਿਰਜਣਾ ਲਈ ਕੰਮ ਸ਼ੁਰੂ ਕੀਤਾ ਜਾਵੇਗਾ।

ਅਧਿਆਪਕਾਂ ਦੇ ਸੰਭਾਵਿਤ ਹੁਨਰ ਸੈੱਟ ਨੂੰ ਪੂਰਾ ਕਰਨ ਲਈ ਉਸੇ ਅਨੁਸਾਰ ਨਵਾਂ ਸਕੂਲ ਸਿੱਖਿਆ ਸ਼ਾਸਤਰੀ ਢਾਂਚਾ (5+3+3+4) ਦੇ ਅਨੁਸਾਰ ਰਾਜ/ਕੇਂਦਰ ਸ਼ਾਸਿਤ ਪ੍ਰਦੇਸ਼ ਸਰਕਾਰ ਮਾਪਦੰਡ ਅਪਣਾ ਸਕਦੀ ਹੈ ਅਤੇ ਸੰਸਥਾਵਾਂ ਲਾਗੂ ਕਰ ਸਕਦੀ ਹੈ।

# 2. ਅਧਿਆਪਨ: ਇੱਕ ਪੇਸ਼ਾ

## 2.1 ਇੱਕ ਪੇਸ਼ੇ ਵਜੋਂ ਅਧਿਆਪਨ

ਅਧਿਆਪਨ ਨੂੰ ਵਿਸ਼ਵ ਪੱਧਰ 'ਤੇ ਸਭ ਤੋਂ ਉੱਤਮ ਪੇਸ਼ਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ ਅਤੇ ਇਹ ਸਮਾਜਿਕ ਤਰੱਕੀ ਨਾਲ ਜੁੜਿਆ ਹੋਇਆ ਹੈ। ਪੁਰਾਣੇ ਸਮਿਆਂ ਵਿੱਚ, ਇੱਕ ਅਧਿਆਪਕ ਸਮਾਜ ਦਾ ਸਭ ਤੋਂ ਸਤਿਕਾਰਤ ਮੈਂਬਰ ਹੁੰਦਾ ਸੀ ਅਤੇ ਜ਼ਿਆਦਾਤਰ ਪੜ੍ਹੇ-ਲਿਖੇ ਵਿਅਕਤੀਆਂ ਨੂੰ ਇਸ ਪੇਸ਼ੇ ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਦਿੱਤੀ ਗਈ ਸੀ। ਅਧਿਆਪਕ ਸਿੱਖਿਆ ਪ੍ਰਣਾਲੀ ਦਾ ਕੇਂਦਰ ਹੁੰਦੇ ਸਨ ਅਤੇ ਵਿਦਿਆਰਥੀਆਂ ਨੂੰ ਆਪਣੇ ਗਿਆਨ, ਹੁਨਰ ਅਤੇ ਨੈਤਿਕਤਾ ਨੂੰ ਬਿਹਤਰ ਢੰਗ ਨਾਲ ਸੰਚਾਰਿਤ ਕਰਨ ਲਈ ਲੋੜੀਂਦੇ ਸਨ। ਸਿੱਖਿਆ ਪ੍ਰਣਾਲੀ ਵਿੱਚ ਵਿਕਾਸ ਦੇ ਨਾਲ ਅਤੇ ਅਧਿਆਪਕਾਂ ਦੀ ਭੂਮਿਕਾ ਨੂੰ ਬਦਲਣਾ, ਟਿਕਾਊ ਰਾਸ਼ਟਰ-ਨਿਰਮਾਣ ਅਤੇ ਅਧਿਆਪਕ ਦੀ ਗੁਣਵੱਤਾ ਨੂੰ ਲੰਬੇ ਸਮੇਂ ਲਈ ਵਧਾਉਣਾ ਸਭ ਤੋਂ ਵੱਡਾ ਅਤੇ ਮਹੱਤਵਪੂਰਨ ਕੰਮ ਬਣ ਜਾਂਦਾ ਹੈ। ਸਮਾਜਿਕ ਕਾਰਵਾਈ ਅਤੇ ਸਮਾਜਿਕ ਪੁੱਛਗਿੱਛ ਦੇ ਇੱਕ ਰੂਪ ਵਿੱਚ, ਅਧਿਆਪਨ ਇੱਕ ਡੂੰਘਾ ਨੈਤਿਕ ਅਤੇ ਆਦਰਸ਼ ਅਭਿਆਸ ਹੈ ਜਿਸ ਵਿੱਚ ਪੇਸ਼ੇਵਰਾਂ ਨੂੰ ਲੋੜ ਹੈ :

- ਬੱਚਿਆਂ ਦੀ ਦੇਖਭਾਲ ਕਰਨਾ ਅਤੇ ਉਹਨਾਂ ਨਾਲ ਪਿਆਰ ਨਾਲ ਰਹਿਣਾ ਪਸੰਦ ਕਰਨਾ, ਵਿਦਿਆਰਥੀ ਵਿਭਿੰਨਤਾ ਦਾ ਸਨਮਾਨ ਕਰਨਾ, ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਿਕ ਸੰਦਰਭਾਂ ਵਿੱਚ ਬੱਚੇ ਨੂੰ ਸਮਝਣਾ, ਉਹਨਾਂ ਦੀਆਂ ਲੋੜਾਂ ਅਤੇ ਸਮੱਸਿਆਵਾਂ ਪ੍ਰਤੀ ਸੰਵੇਦਨਸ਼ੀਲਤਾ ਵਿਕਸਿਤ ਕਰਨਾ ਅਤੇ ਸਾਰੇ ਬੱਚਿਆਂ ਨਾਲ ਬਰਾਬਰ ਵਿਹਾਰ ਕਰਨਾ।
- ਬੱਚਿਆਂ ਨੂੰ ਨਿਸ਼ਕਿਰਿਆ ਗਿਆਨ ਪ੍ਰਾਪਤ ਕਰਨ ਵਾਲਿਆਂ ਦੇ ਰੂਪ ਵਿੱਚ ਨਾ ਸਮਝਣਾ, ਉਹਨਾਂ ਦੀ ਸੁਭਾਵਕ ਅਰਥ ਬਣਾਉਣ ਦੀ ਪ੍ਰਵਿਰਤੀ ਨੂੰ ਵਧਾਉਣਾ, ਰੱਟੇ ਨਾਲ ਸਿੱਖਣ ਨੂੰ ਰੋਕਣਾ ਅਤੇ ਸਿੱਖਣ ਨੂੰ ਅਨੰਦਮਈ, ਭਾਗੀਦਾਰੀ, ਅਤੇ ਅਰਥਪੂਰਨ ਬਣਾਉਣਾ।
- ਪਾਠਕ੍ਰਮ ਅਤੇ ਪਾਠ ਪੁਸਤਕਾਂ ਦੀ ਆਲੋਚਨਾਤਮਕ ਤੌਰ 'ਤੇ ਜਾਂਚ ਕਰਨਾ ਅਤੇ ਪ੍ਰਸੰਗਿਕ ਪਾਠਕ੍ਰਮ ਨੂੰ ਸਥਾਨਕ ਲੋੜਾਂ ਲਈ ਢੁਕਵਾਂ ਬਣਾਉਣਾ।
- ਪਾਠਕ੍ਰਮ ਵਿੱਚ ਸ਼ਾਮਲ ਗਿਆਨ ਨੂੰ 'ਦਿੱਤਾ' ਨਾ ਸਮਝਣਾ।
- ਸਿਖਿਆਰਥੀ-ਕੇਂਦ੍ਰਿਤ, ਗਤੀਵਿਧੀ-ਆਧਾਰਿਤ, ਸਿੱਖਣ ਦੇ ਤਜ਼ਰਬਿਆਂ ਵਿੱਚ ਭਾਗੀਦਾਰ ਨੂੰ ਸੰਗਠਿਤ ਕਰਨਾ- ਜਿਸ ਵਿੱਚ ਖੇਡ, ਵਿਉਂਤ ਬਣਾਉਣਾ, ਚਰਚਾ, ਵਾਰਤਾਲਾਪ, ਨਿਰੀਖਣ, ਮੁਲਾਕਾਤਾਂ ਅਤੇ ਉਨ੍ਹਾਂ ਦੇ ਸਿੱਖਣ ਦੇ ਅਭਿਆਸ 'ਤੇ ਵਿਚਾਰ ਕਰਨਾ ਸ਼ਾਮਲ ਹੈ।
- ਵਿਦਿਆਰਥੀਆਂ ਦੀਆਂ ਸਮਾਜਿਕ ਅਤੇ ਵਿਅਕਤੀਗਤ ਹਾਲਤਾਂ ਨਾਲ ਸਿੱਖਿਆ ਦਾ ਏਕੀਕਰਨ ਕਰਨਾ, ਕਲਾਸਰੂਮ ਵਿਚਲੀਆਂ ਵਿਭਿੰਨਤਾਵਾਂ ਨੂੰ ਸਮਝਣਾ।
- ਸ਼ਾਂਤੀ, ਜਮਹੂਰੀ ਜੀਵਨ ਢੰਗ, ਸਮਾਨਤਾ, ਨਿਆਂ, ਆਜ਼ਾਦੀ, ਭਾਈਚਾਰਾ, ਧਰਮ ਨਿਰਪੱਖਤਾ, ਅਤੇ ਸਮਾਜਿਕ ਪੁਨਰ ਨਿਰਮਾਣ ਲਈ ਜੋਸ਼ ਨੂੰ ਵਧਾਉਣਾ।

ਹਿੱਸੇਦਾਰਾਂ ਦੇ ਆਪਸੀ ਵਿਚਾਰ-ਵਟਾਂਦਰੇ ਦੁਆਰਾ ਮਾਪਦੰਡਾਂ ਨੂੰ ਸਪੱਸ਼ਟ ਕਰਨ ਅਤੇ ਸਹਿਮਤੀ ਬਣਾਉਣ ਨਾਲ ਨਿਮਨਲਿਖਤ ਪ੍ਰਮਾਣ ਪ੍ਰਾਪਤ ਹੋ ਸਕਦੇ ਹਨ :

- ਚੰਗੀ ਸਿੱਖਿਆ ਦੇ ਪਹਿਲੂਆਂ ਪ੍ਰਤੀ ਵਧੇਰੇ ਸਪੱਸ਼ਟਤਾ ਅਤੇ ਵਚਨਬੱਧਤਾ।
- ਪ੍ਰਸੰਗਿਕ ਵਿਚਾਰਾਂ ਦੀ ਸਮਝ ਜੋ ਚੰਗੀ ਸਿੱਖਿਆ ਦਾ ਸੰਚਾਲਣ ਅਤੇ ਸਮਰਥਨ ਕਰਦੇ ਹਨ।
- ਅਧਿਆਪਕਾਂ ਲਈ ਉਹਨਾਂ ਦੇ ਪੇਸ਼ੇਵਰ ਦੇ ਜ਼ਰੂਰੀ ਮਾਪਾਂ ਨੂੰ ਸਪੱਸ਼ਟ ਕਰਨਾ ਅਤੇ ਦੁਹਰਾਉਣਾ ਅਤੇ ਕਲਾਸਰੂਮਾਂ ਨੂੰ ਸਿਖਿਆਰਥੀ-ਕੇਂਦ੍ਰਿਤ ਬਣਾਉਣਾ ਅਤੇ ਉਨ੍ਹਾਂ ਦੀ ਸੰਵੇਦਨਸ਼ੀਲਤਾ ਨੂੰ ਮਾਰਗਦਰਸ਼ਨ ਦੇਣ ਵਿੱਚ ਮਦਦ ਕਰਨਾ।
- ਅਧਿਆਪਕਾਂ ਨੂੰ ਸਮਰਥਨ ਦੇਣ ਲਈ ਪਰਿਆਵਰਨਕ ਪ੍ਰਬੰਧ ਅਤੇ ਬਾਹਰਕ ਪਰਿਸ਼ਰਮਿਕ ਦਾ ਨਿਰਵਾਹਣ ਅਤੇ ਪਰਿਸ਼ਰਮਿਕ ਦੀ ਤਿਆਰੀ ਲਈ ਵੱਧ ਤੋਂ ਵੱਧ ਸਮਝ ਵਿੱਚ ਵਾਧਾ।

ਸਿੱਖਿਆ ਦਾ ਅਧਿਕਾਰ (ਆਰ.ਟੀ.ਈ.) ਐਕਟ, 2009 ਅਧਿਆਪਕਾਂ ਤੋਂ ਉਮੀਦਾਂ ਅਤੇ ਅਧਿਆਪਨ ਦੀ ਗੁਣਵੱਤਾ ਨੂੰ ਦਰਸਾਉਂਦਾ ਹੈ ਜੋ ਇਹ ਯਕੀਨੀ ਬਣਾਏਗਾ ਕਿ ਸਕੂਲ ਵਿੱਚ ਬੱਚੇ ਨੂੰ ਸਕਾਰਾਤਮਕ ਵਿਦਿਅਕ ਅਨੁਭਵ ਹੋਣਗੇ ਜੋ ਸਿੱਖਿਆ ਦੁਆਰਾ ਸਸ਼ਕਤੀਕਰਨ ਵੱਲ ਲੈ ਜਾਂਦੇ ਹਨ। ਆਰ.ਟੀ.ਈ. ਐਕਟ, 2009 ਵਿੱਚ ਇੱਕ ਕਲਪਨਾ ਕੀਤੀ ਗਈ ਕਿ ਸਿੱਖਿਆ ਇਹ ਹੋਣੀ ਚਾਹੀਦੀ ਹੈ: **[ਸੈਕਸ਼ਨ 29/2, ਆਰ.ਟੀ.ਈ. ਐਕਟ 2009]**

- ਇੱਕ ਲੋਕਤੰਤਰੀ, ਨਿਆਂਪੂਰਨ ਅਤੇ ਸ਼ਾਂਤੀਪੂਰਨ ਸਮਾਜ ਨੂੰ ਉਤਸ਼ਾਹਿਤ ਕਰਨ ਲਈ ਭਾਰਤ ਦੇ ਸੰਵਿਧਾਨ ਵਿੱਚ ਦਰਜ ਕਦਰਾਂ-ਕੀਮਤਾਂ ਦੇ ਅਨੁਕੂਲ ਹੋਣਾ।
- ਸਿਖਿਆਰਥੀ ਦੇ ਸੰਪੂਰਨ ਵਿਕਾਸ ਵੱਲ ਅਗਵਾਈ ਕਰਨਾ।
- ਵਿਦਿਆਰਥੀ ਦੇ ਗਿਆਨ, ਸਮਰੱਥਾ ਅਤੇ ਪ੍ਰਤਿਭਾ ਦਾ ਨਿਰਮਾਣ ਕਰਨਾ।
- ਵਿਦਿਆਰਥੀ ਦੀਆਂ ਸਰੀਰਕ ਅਤੇ ਮਾਨਸਿਕ ਯੋਗਤਾਵਾਂ ਨੂੰ ਪੂਰੀ ਹੱਦ ਤੱਕ ਵਿਕਸਿਤ ਕਰਨਾ।
- ਬਾਲ-ਪੱਖੀ ਅਤੇ ਬਾਲ-ਕੇਂਦਰਿਤ ਢੰਗ ਨਾਲ ਗਤੀਵਿਧੀਆਂ, ਖੋਜ ਅਤੇ ਖੋਜ ਰਾਹੀਂ ਸਿੱਖਣ ਦੇ ਯੋਗ ਬਣਾਉਣਾ।
- ਜਿੱਥੋਂ ਤੱਕ ਸੰਭਵ ਹੋ ਸਕੇ ਅਤੇ ਵਿਹਾਰਕ ਹੋਵੇ, ਗਿਆਨ ਵਿਦਿਆਰਥੀ ਦੀ ਮਾਤ-ਭਾਸ਼ਾ ਵਿੱਚ ਹੋਣਾ ਚਾਹੀਦਾ ਹੈ।
- ਇਹ ਸੁਨਿਸ਼ਚਿਤ ਕਰਨਾ ਕਿ ਸਿੱਖਿਆ ਡਰ, ਸਦਮੇ ਅਤੇ ਚਿੰਤਾ ਤੋਂ ਮੁਕਤ ਹੋਵੇ ਅਤੇ ਵਿਦਿਆਰਥੀ ਨੂੰ ਖੁੱਲ੍ਹ ਕੇ ਸੰਚਾਰ ਕਰਨ ਵਿੱਚ ਸਹਾਇਤਾ ਕਰੇ।
- ਸਮਝ ਅਤੇ ਯੋਗਤਾ ਦੋਵਾਂ ਦਾ ਨਿਰੰਤਰ ਵਿਆਪਕ ਮੁਲਾਂਕਣ ਸ਼ਾਮਲ ਕਰਨਾ।

ਇਸ ਤਰ੍ਹਾਂ ਹਰ ਬੱਚੇ ਨੂੰ ਸਨਮਾਨ ਦੀ ਜ਼ਿੰਦਗੀ ਜਿਉਣ ਦੇ ਯੋਗ ਬਣਾਇਆ ਜਾ ਸਕਦਾ ਹੈ।

ਭਾਰਤ ਦਾ ਸੰਵਿਧਾਨ ਇਹ ਯਕੀਨੀ ਬਣਾਉਣ ਲਈ ਵਿਸ਼ੇਸ਼ ਯਤਨਾਂ ਦੀ ਜ਼ਰੂਰਤ ਵੱਲ ਧਿਆਨ ਖਿੱਚਦਾ ਹੈ ਕਿ ਸਿੱਖਿਆ ਸਮਾਵੇਸ਼ੀ ਹੋਵੇ ਅਤੇ ਹਾਸ਼ੀਏ 'ਤੇ ਪਏ ਭਾਈਚਾਰਿਆਂ, ਭਾਸ਼ਾਈ ਅਤੇ ਸੱਭਿਆਚਾਰਕ ਘੱਟ ਗਿਣਤੀ ਸਮੂਹਾਂ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਹੋਰ ਪੱਛੜੇ ਭਾਈਚਾਰਿਆਂ ਅਤੇ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਦਾ ਸਮਰਥਨ ਕਰਨਾ। ਸਿੱਖਿਆ ਦਾ ਅਧਿਕਾਰ ਅਤੇ ਅਸਲ ਵਿੱਚ ਸਿੱਖਿਆ ਦਾ

ਦ੍ਰਿਸ਼ਟੀਕੋਣ NEP 2020 ਵਿੱਚ ਰੱਖਿਆ ਗਿਆ ਹੈ ਜੋ ਸਕੂਲ ਦੇ ਸਾਰੇ ਪੱਧਰਾਂ ਵਿੱਚ ਕਲਾਸਰੂਮਾਂ ਵਿੱਚ ਸਮਾਵੇਸ਼ੀ ਸਿੱਖਿਆ ਅਤੇ ਵਿਭਿੰਨਤਾ 'ਤੇ ਜ਼ੋਰ ਦਿੰਦਾ ਹੈ।

NEP 2020 ਵਿਸ਼ੇਸ਼ ਚੁਣੌਤੀਆਂ ਵੱਲ ਧਿਆਨ ਖਿੱਚਦੀ ਹੈ ਜਿਨ੍ਹਾਂ ਪ੍ਰਤੀ ਅਧਿਆਪਕਾਂ ਦੇ ਵਿਦਿਅਕ ਅਭਿਆਸਾਂ ਨੂੰ ਜਵਾਬਦੇਹ ਹੋਣਾ ਚਾਹੀਦਾ ਹੈਃ **(ਨੀਤੀ ਦੇ ਸਿਧਾਂਤ)**

- ਸਿੱਖਣ ਨੂੰ ਰੱਟੇ ਤੋਂ ਉੱਚ ਪੱਧਰੀ ਸੋਚ, ਆਲੋਚਨਾਤਮਕ ਸੋਚ, ਪੁੱਛਗਿੱਛ ਅਤੇ 21ਵੀਂ ਸਦੀ ਦੇ ਹੁਨਰਾਂ ਵੱਲ ਤਬਦੀਲ ਕਰਨਾ।
- ਸਿੱਖਣ ਨੂੰ ਬਹੁ-ਅਨੁਸ਼ਾਸਨੀ, ਅਨੁਭਵਾਤਮਕ ਅਤੇ ਵਿਵਹਾਰਕ ਬਣਾਉਣਾ।
- ਬਹੁਭਾਸ਼ਾਈਵਾਦ।
- ਵਿਦਿਆਰਥੀਆਂ ਨੂੰ ਗਿਆਨ ਦੀ ਸਵਦੇਸ਼ੀ ਵਿਰਾਸਤ ਨੂੰ ਮਹੱਤਵ ਦੇਣ ਅਤੇ ਏਕੀਕ੍ਰਿਤ ਕਰਨ ਦੇ ਯੋਗ ਬਣਾਉਣਾ।

## 2.2 ਪੇਸ਼ੇਵਰ ਮਿਆਰਾਂ ਦੀ ਸਮਝ

ਸ਼ਬਦ 'ਮਿਆਰ' ਨੂੰ ਵੱਖ-ਵੱਖ ਸੰਦਰਭਾਂ ਅਤੇ ਦੇਸ਼ਾਂ ਵਿੱਚ ਵੱਖ-ਵੱਖ ਅਰਥਾਂ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ। ਮਿਆਰ ਉਹ ਕਥਨ ਹਨ ਜੋ ਦੱਸਦੇ ਹਨ ਕਿ ਪੇਸ਼ੇ ਵਿੱਚ ਕੀ ਕੀਮਤੀ ਹੈ ਅਤੇ ਕੀ ਆਮ ਤੌਰ 'ਤੇ ਵਰਣਨ ਹੈ ਅਤੇ ਸੰਚਾਰ ਕਰਨਾ ਕਿ ਕੀ ਪ੍ਰਾਪਤ ਕਰਨਾ ਸਭ ਤੋਂ ਵੱਧ ਫਾਇਦੇਮੰਦ ਹੈ ਸਿੱਖਣ ਜਾਂ ਅਭਿਆਸ। ਸਿੱਖਣ ਦੇ ਸੰਦਰਭ ਵਿੱਚ, ਮਿਆਰਾਂ ਨੂੰ ਸਿੱਖਣ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ, ਪਰ ਇੱਕ ਪੇਸ਼ੇਵਰ ਜਾਂ ਕਿੱਤਾਮੁਖੀ ਸੰਦਰਭ ਵਿੱਚ, ਮਿਆਰਾਂ ਨੂੰ ਯੋਗਤਾ ਦੇ ਮਾਪ ਦੇ ਆਧਾਰ ਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ, ਅਰਥਾਤ, ਕਿਸੇ ਨੂੰ ਕੀ ਪਤਾ ਹੋਣਾ ਚਾਹੀਦਾ ਹੈ ਅਤੇ ਕਿਸੇ ਖਾਸ ਪੇਸ਼ੇਵਰ ਡੋਮੇਨ ਵਿੱਚ ਸਮਰੱਥ ਕ੍ਰਮ ਵਿੱਚ ਕੀ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਹੋਰ ਸ਼ਬਦਾਂ ਵਿੱਚ, ਮਿਆਰ ਪੇਸ਼ੇਵਰਾਂ ਦੇ ਕਾਬਲੀਅਤ ਦੀ ਮਾਪਦੰਡ ਜਾਂ ਪ੍ਰਦਰਸ਼ਨ ਦੀ ਗੁਣਵੱਤਾ ਲਈ ਇੱਕ ਮਾਪਦੰਡ ਜਾਂ ਟੂਲ ਵਜੋਂ ਵਰਤੇ ਜਾਂਦੇ ਹਨ। ਮਾਪਦੰਡ ਉਹ ਕਥਨ ਹਨ ਜੋ ਦਰਸਾਉਂਦੇ ਹਨ ਕਿ ਪੇਸ਼ੇ ਵਿੱਚ ਕੀ ਕੀਮਤੀ ਹੈ, ਗੁਣਵੱਤਾ ਨਾਲ ਸਿੱਖਣਾ ਇੱਕ ਅੰਤਰੀਵ ਧਾਰਨਾ ਦੇ ਨਾਲ ਗੁਣਵੱਤਾ ਵਾਲੀ ਸਿੱਖਿਆ ਕੀ ਹੈ। ਇਹ ਕਥਨ ਖ਼ੁਦ ਦੱਸਦੇ ਹਨ ਕਿ ਅਧਿਆਪਕਾਂ ਕੋਲ ਕੀ ਹੋਣਾ ਚਾਹੀਦਾ ਹੈ, ਉਨ੍ਹਾਂ ਨੂੰ ਕੀ ਵਿਸ਼ਵਾਸ ਹੋਣਾ ਚਾਹੀਦਾ ਹੈ ਅਤੇ ਉਹ ਕੀ ਕਰਨ ਲਈ ਕਾਬਿਲ ਹੋਣੇ ਚਾਹੀਦੇ ਹਨ।

## 2.3 ਅਧਿਆਪਕਾਂ ਅਤੇ ਅਧਿਆਪਨ ਲਈ ਪੇਸ਼ੇਵਰ ਮਿਆਰਾਂ ਦੀ ਮਹੱਤਤਾ

ਚੰਗੀ ਅਤੇ ਲੋੜੀਂਦੀ ਸਿੱਖਿਆ ਅਤੇ ਅਧਿਆਪਕਾਂ ਦੇ ਗੁਣਾਂ ਅਤੇ ਵਿਸ਼ੇਸ਼ਤਾਵਾਂ ਦਾ ਵੇਰਵਾ ਕਈ ਨੀਤੀ ਦਸਤਾਵੇਜ਼ਾਂ ਵਿੱਚ ਸਾਫ਼ ਜਾਂ ਸਪੱਸ਼ਟ ਰੂਪ ਵਿੱਚ ਮਿਲਦਾ ਹੈ। ਇਨ੍ਹਾਂ ਵਿਚਾਰਾਂ ਨੇ ਸਿੱਖਿਆ ਸੁਧਾਰ ਦੇ ਕੇਂਦਰੀ ਪ੍ਰਯੋਜਿਤ ਮਿਸ਼ਨ ਅਰਥਾਤ ਸਰਵ ਸਿੱਖਿਆ ਅਭਿਆਨ (SSA) ਦੀ ਸ਼ੁਰੂਆਤ ਨਾਲ ਇਨ-ਸਰਵਿਸ ਸਿੱਖਿਆ ਅਤੇ ਸਿਖਲਾਈ ਦੇ ਉਦੇਸ਼ਾਂ ਦੀ ਜਾਣਕਾਰੀ ਦਿੱਤੀ ਹੈ। ਇਹ ਵਿਚਾਰ ਅਧਿਆਪਕ ਸਿੱਖਿਆ ਲਈ ਰਾਸ਼ਟਰੀ ਪਾਠਕ੍ਰਮ ਢਾਂਚੇ (ਐੱਨਸੀਐੱਫਟੀਈ, 2009) ਵਿੱਚ ਨਿਰਧਾਰਤ ਦਿਸ਼ਾ-ਨਿਰਦੇਸ਼ਾਂ ਵਿੱਚ ਨਿਹਿਤ ਹਨ ਅਤੇ ਐੱਨਈਪੀ 2020 ਵਿੱਚ ਸਿਫ਼ਾਰਸ਼ ਕੀਤੇ ਅਨੁਸਾਰ ਪ੍ਰੀ-ਸਰਵਿਸ ਅਧਿਆਪਕ ਸਿੱਖਿਆ ਪ੍ਰੋਗਰਾਮਾਂ ਲਈ ਪਾਠਕ੍ਰਮ ਢਾਂਚੇ ਦੇ ਵਿਕਾਸ ਅਤੇ ਡਿਜ਼ਾਈਨ ਵਿੱਚ ਹਾਲ ਹੀ ਵਿੱਚ ਸਪੱਸ਼ਟ ਕੀਤੇ ਗਏ ਹਨ।

ਐੱਨਈਪੀ 2020 ਪ੍ਰਸਤਾਵਿਤ ਕਰਦਾ ਹੈ ਕਿ ਪੇਸ਼ੇਵਰ ਮਿਆਰ ਉਸ ਪੇਸ਼ੇ ਨੂੰ ਬਣਾਏ ਅਤੇ ਸਥਾਪਿਤ ਕੀਤੇ ਜਾਣ ਨੂੰ ਨਿਯੰਤਰਿਤ ਕਰਨਗੇ, ਜੋ ਜਵਾਬਦੇਹੀ, ਨਿਗਰਾਨੀ, ਪੇਸ਼ੇਵਰ ਵਿਕਾਸ, ਹਰੇਕ ਪੜਾਅ ਦੇ ਅੰਦਰ ਕੈਰੀਅਰ ਦੇ ਰਸਤੇ ਅਤੇ ਲੰਬਕਾਰੀ ਗਤੀਸ਼ੀਲਤਾ ਨਾਲ ਜੁੜੇ ਹੋਏ ਹਨ। ਅਧਿਆਪਕਾਂ ਲਈ ਪੇਸ਼ੇਵਰ ਮਿਆਰਾਂ ਦਾ ਇੱਕ ਸਮੂਹ ਹੇਠ ਲਿਖਿਆਂ ਨੂੰ ਸਮਰੱਥ ਬਣਾ ਸਕਦਾ ਹੈ:

- ਅਧਿਆਪਕ ਦੇ ਕੰਮ ਦੀ ਪ੍ਰਕਿਰਤੀ ਨੂੰ ਪਰਿਭਾਸ਼ਿਤ ਕਰਨਾ
- ਕੰਮ ਕਰਨ ਅਤੇ ਸੇਵਾ ਹਾਲਾਤ ਬਣਾਉਣੇ
- ਅਧਿਆਪਕ ਸਿੱਖਿਆ ਪ੍ਰੋਗਰਾਮਾਂ ਨੂੰ ਮੁੜ ਸੁਰਜੀਤ ਕਰਨਾ
- ਅਧਿਆਪਕਾਂ ਦੀ ਰਜਿਸਟ੍ਰੇਸ਼ਨ
- ਜੀਵਨ ਭਰ ਸਿੱਖਣ ਅਤੇ ਕੈਰੀਅਰ ਦੇ ਵਿਕਾਸ ਨੂੰ ਉਤਸ਼ਾਹਿਤ ਕਰਨਾ
- ਅਧਿਆਪਕ ਯੋਗਤਾ ਵਿੱਚ ਇਕਸਾਰਤਾ ਸਥਾਪਤ ਕਰਨਾ ਅਤੇ ਗਤੀਸ਼ੀਲਤਾ ਨੂੰ ਸਮਰੱਥ ਬਣਾਉਣਾ
- ਅਧਿਆਪਕਾਂ ਦੀ ਗੁਣਵੱਤਾ ਦਾ ਮੁਲਾਂਕਣ ਕਰਨਾ
- ਅਧਿਆਪਕ ਪ੍ਰੇਰਣਾ ਦਾ ਸਮਰਥਨ ਕਰਨਾ
- ਅਧਿਆਪਕਾਂ ਦੀ ਜਵਾਬਦੇਹੀ/ਕਰਤੱਵਾਂ ਨੂੰ ਯਕੀਨੀ ਬਣਾਉਣਾ

ਮਿਆਰਾਂ ਦੇ ਪਹਿਲੂਆਂ 'ਤੇ ਜ਼ੋਰ ਉਨ੍ਹਾਂ ਦੀ ਵਿਸ਼ੇਸ਼ ਵਰਤੋਂ ਦੇ ਅਧਾਰ' ਤੇ ਵੱਖ-ਵੱਖ ਹੋ ਸਕਦਾ ਹੈ; ਹਾਲਾਂਕਿ, ਮਿਆਰਾਂ ਦਾ ਇੱਕ ਸਾਂਝਾ ਸਮੂਹ ਇਹ ਸੁਨਿਸ਼ਚਿਤ ਕਰੇਗਾ ਕਿ ਅਧਿਆਪਕਾਂ ਅਤੇ ਅਧਿਆਪਨ ਨਾਲ ਸੰਬੰਧਿਤ ਵੱਖ-ਵੱਖ ਮਾਮਲਿਆਂ ਵਿੱਚ ਨੀਤੀਆਂ ਵਿੱਚ ਇਕਸਾਰਤਾ ਹੋਵੇ।

# 3. ਨੈਸ਼ਨਲ ਪ੍ਰੋਫੈਸ਼ਨਲ ਸਟੈਂਡਰਡਜ਼ ਫਾਰ ਟੀਚਰਜ਼ (ਐੱਨਪੀਐੱਸਟੀ)

ਭਾਰਤ ਗਿਆਨ ਦੇ ਦ੍ਰਿਸ਼ ਵਿੱਚ ਤਬਦੀਲੀਆਂ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਇਸ ਲਈ 21ਵੀਂ ਸਦੀ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਕਰਨਾ ਮਹੱਤਵਪੂਰਨ ਹੋ ਗਿਆ ਹੈ। ਭਾਰਤ ਦੀ ਐੱਨਈਪੀ 2020 21ਵੀਂ ਸਦੀ ਦੀ ਦੇਸ਼ ਦੀ ਪਹਿਲੀ ਸਿੱਖਿਆ ਨੀਤੀ ਹੈ ਅਤੇ ਇਸ ਦਾ ਉਦੇਸ਼ ਸਾਡੇ ਦੇਸ਼ ਦੀਆਂ ਵਧ ਰਹੀਆਂ ਵਿਕਾਸ ਸੰਬੰਧੀ ਜ਼ਰੂਰਤਾਂ ਨੂੰ ਪੂਰਾ ਕਰਨਾ ਹੈ। ਅਧਿਆਪਕ ਸੱਚਮੁੱਚ ਸਾਡੇ ਬੱਚਿਆਂ ਦੇ ਭਵਿੱਖ ਨੂੰ ਆਕਾਰ ਦਿੰਦੇ ਹਨ ਅਤੇ ਇਸ ਲਈ ਸਾਡੇ ਰਾਸ਼ਟਰ ਦਾ ਭਵਿੱਖ ਹਨ। ਸਾਰਿਆਂ ਲਈ ਸਮੁੱਚੀ ਅਤੇ ਮਿਆਰੀ ਸਿੱਖਿਆ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ, ਐੱਨਈਪੀ 2020 ਨੇ ਅਧਿਆਪਨ ਪੇਸ਼ੇ ਦੇ ਵਿਕਾਸ 'ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ ਅਤੇ ਅਧਿਆਪਕਾਂ ਨੂੰ ਸਾਰੇ ਸੁਧਾਰਾਂ ਦੇ ਕੇਂਦਰ ਵਿੱਚ ਰੱਖਿਆ ਹੈ। ਸਭ ਤੋਂ ਵਧੀਆ ਅਤੇ ਹੋਣਹਾਰ ਨੂੰ ਅਧਿਆਪਨ ਪੇਸ਼ੇ ਵਿੱਚ ਦਾਖਲ ਹੋਣ ਲਈ ਪ੍ਰੇਰਿਤ ਕਰਨਾ ਅਤੇ ਅਧਿਆਪਕਾਂ ਨੂੰ ਸ਼ਕਤੀਸ਼ਾਲੀ ਬਣਾਉਣਾ ਅਤੇ ਉਨ੍ਹਾਂ ਨੂੰ ਆਪਣਾ ਕੰਮ ਜਿੰਨਾ ਸੰਭਵ ਹੋ ਸਕੇ ਪ੍ਰਭਾਵਸ਼ਾਲੀ ਢੰਗ ਨਾਲ ਕਰਨ ਵਿੱਚ ਸਹਾਇਤਾ ਕਰਨਾ।

## 3.1 ਐੱਨਪੀਐੱਸਟੀ ਦੀ ਪ੍ਰਸੰਗਿਕਤਾ

"ਨੈਸ਼ਨਲ ਪ੍ਰੋਫੈਸ਼ਨਲ ਸਟੈਂ ਡਰਡ ਫਾਰ ਟੀਚਰ (ਐੱਨਪੀਐੱਸਟੀ) ਦਾ ਇੱਕ ਸਾਂਝਾ ਮਾਰਗਦਰਸ਼ਕ ਦਸਤਾਵੇਜ਼ ਸਮੂਹ ਇਸ ਦੇ ਨਵੇਂ ਰੂਪ ਵਿੱਚ, ਜਿਸ ਨੂੰ ਜਨਰਲ ਐਜੂਕੇਸ਼ਨ ਕੌਂਸਲ (GEC) ਦੇ ਤਹਿਤ ਪ੍ਰੋਫੈਸ਼ਨਲ ਸਟੈਂਡਰਡ ਸੈਟਿੰਗ ਬਾਡੀ (PSSB) ਵਜੋਂ, ਐੱਨ.ਸੀ.ਈ.ਆਰ.ਟੀ., ਐੱਸ.ਸੀ.ਈ.ਆਰ.ਟੀ., ਵਿਭਿੰਨ ਪੱਧਰਾਂ ਅਤੇ ਖੇਤਰਾਂ ਤੋਂ ਅਧਿਆਪਕਾਂ, ਅਧਿਆਪਨ ਅਤੇ ਵਿਕਾਸ ਵਿੱਚ ਵਿਦਵਾਨ ਸੰਸਥਾਵਾਂ, ਕਾਰਗੁਜ਼ਾਰੀ ਸਿੱਖਿਆ ਦੇ ਮਾਹਰ ਜ਼ਰੀਏ ਅਤੇ ਉੱਚ ਸਿੱਖਿਆ ਸੰਸਥਾਵਾਂ ਨਾਲ ਸਲਾਹਕਾਰੀ ਵਿਚਾਰ ਤੋਂ ਬਾਅਦ 2022 ਵਿੱਚ ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ ਦੁਆਰਾ ਵਿਕਸਤ ਕੀਤਾ ਜਾਵੇਗਾ। ਮਿਆਰ ਮੁਹਾਰਤ/ਪੜਾਅ ਦੇ ਵੱਖ-ਵੱਖ ਪੱਧਰਾਂ ਅਤੇ ਉਸ ਪੜਾਅ ਲਈ ਲੋੜੀਂਦੀਆਂ ਯੋਗਤਾਵਾਂ 'ਤੇ ਅਧਿਆਪਕ ਦੀ ਭੂਮਿਕਾ ਦੀਆਂ ਉਮੀਦਾਂ ਨੂੰ ਸ਼ਾਮਿਲ ਕਰਨਗੇ। ਇਸ ਵਿੱਚ ਹਰੇਕ ਪੜਾਅ ਲਈ ਮੁਲਾਂਕਣ ਪ੍ਰਦਰਸ਼ਨ ਲਈ ਮਾਪਦੰਡ ਵੀ ਸ਼ਾਮਲ ਹੋਣਗੇ, ਜੋ ਕਿ ਸਮੇਂ-ਸਮੇਂ 'ਤੇ ਕੀਤੇ ਜਾਣਗੇ। ਐੱਨਪੀਐੱਸਟੀ ਪੂਰਵ-ਸੇਵਾ ਅਧਿਆਪਕ ਸਿੱਖਿਆ ਪ੍ਰੋਗਰਾਮਾਂ ਦੇ ਡਿਜ਼ਾਈਨ ਨੂੰ ਵੀ ਸੂਚਿਤ ਕਰੇਗਾ। ਇਸ ਨੂੰ ਫਿਰ ਰਾਜਾਂ ਦੁਆਰਾ ਅਪਣਾਇਆ ਜਾ ਸਕਦਾ ਹੈ ਅਤੇ ਅਧਿਆਪਕ ਕੈਰੀਅਰ ਪ੍ਰਬੰਧਨ, ਕਾਰਜਕਾਲ ਸਮੇਤ, ਪੇਸ਼ੇਵਰ ਵਿਕਾਸ ਸੰਬੰਧੀ ਕੋਸ਼ਿਸ਼ਾਂ, ਤਨਖਾਹਾਂ ਵਿੱਚ ਵਾਧਾ, ਤਰੱਕੀਆਂ ਅਤੇ ਹੋਰ ਮਾਨਤਾਵਾਂ ਦੇ ਸਾਰੇ ਪਹਿਲੂਆਂ ਨੂੰ ਨਿਰਧਾਰਤ ਕੀਤਾ ਜਾ ਸਕਦਾ ਹੈ। ਤਰੱਕੀਆਂ ਅਤੇ ਤਨਖ਼ਾਹਾਂ ਵਿੱਚ ਵਾਧਾ ਕਾਰਜ਼ਕਾਲ ਜਾਂ ਸੀਨੀਆਰਤਾ ਦੀ ਮਿਆਦ ਆਧਰ 'ਤੇ ਨਹੀਂ, ਬਲਕਿ ਸਿਰਫ ਮੁਲਾਂਕਣ ਦੇ ਆਧਾਰ 'ਤੇ ਹੋਵੇਗਾ। ਪੇਸ਼ੇਵਰ ਮਾਪਦੰਡਾਂ ਦੀ 2030 ਵਿੱਚ ਸਮੀਖਿਆ ਅਤੇ ਸੰਸ਼ੋਧਨ ਕੀਤੀ ਜਾਵੇਗੀ, ਅਤੇ ਇਸ ਤੋਂ ਹਰ ਦਸ ਸਾਲਾਂ ਬਾਅਦ, ਸਿਸਟਮ ਦੀ ਪ੍ਰਭਾਵਸ਼ੀਲਤਾ ਦੇ ਸਖ਼ਤ ਅਨੁਭਵੀ ਵਿਸ਼ਲੇਸ਼ਣ ਦੇ ਆਧਾਰ ਸੁਧਾਰ ਕੀਤਾ ਜਾਵੇਗਾ"। [ਪੈਰਾ 5.20, NEP 2020]




**ਚਿੱਤਰ 1. ਅਧਿਆਪਕਾਂ ਦੀ ਤਿਆਰੀ ਬਾਰੇ ਚਿੱਤਰ**

**3.1.1 ਅਧਿਆਪਕ ਸਿੱਖਿਆ:** ਐੱਨਪੀਐੱਸਟੀ ਪੂਰਵ-ਸੇਵਾ ਅਧਿਆਪਕ ਸਿੱਖਿਆ ਪ੍ਰੋਗਰਾਮ ਦੇ 4-ਸਾਲ, 2-ਸਾਲ, ਅਤੇ 1-ਸਾਲ ਦੇ ਬੀ.ਐਡ ਡਿਜ਼ਾਈਨ ਨੂੰ ਸੂਚਿਤ ਕਰੇਗਾ, ਜਿਵੇਂ ਕਿ NEP 2020 ਵਿੱਚ ਕਲਪਨਾ ਕੀਤੀ ਗਈ ਹੈ।

**3.1.2 ਅਧਿਆਪਕ ਭੂਮਿਕਾ ਪ੍ਰਬੰਧਨ:** ਇਹ ਮਾਪਦੰਡ ਮੁਹਾਰਤ/ਪੜਾਅ ਦੇ ਵੱਖ-ਵੱਖ ਪੱਧਰਾਂ 'ਤੇ ਅਧਿਆਪਕ ਦੀ ਭੂਮਿਕਾ ਦੀਆਂ ਉਮੀਦਾਂ ਅਤੇ ਉਸ ਪੜਾਅ ਲਈ ਲੋੜੀਂਦੀਆਂ ਯੋਗਤਾਵਾਂ ਨੂੰ ਕਵਰ ਕਰਨਗੇ। ਹਰੇਕ ਪੜਾਅ ਲਈ, ਐੱਨਪੀਐੱਸਟੀ ਪ੍ਰਦਰਸ਼ਨ ਮੁਲਾਂਕਣ ਲਈ ਮਿਆਰਾਂ ਨੂੰ ਸ਼ਾਮਲ ਕਰੇਗਾ।

**3.1.3 ਅਧਿਆਪਕ ਕੈਰੀਅਰ ਪ੍ਰਬੰਧਨ:** ਅਧਿਆਪਕ ਕੈਰੀਅਰ ਪ੍ਰਬੰਧਨ ਦੇ ਸਾਰੇ ਪਹਿਲੂ, ਜਿਸ ਵਿੱਚ ਕਾਰਜਕਾਲ, ਪੇਸ਼ੇਵਰ ਵਿਕਾਸ ਦੇ ਯਤਨ, ਤਨਖਾਹ ਵਿੱਚ ਵਾਧਾ, ਤਰੱਕੀਆਂ ਅਤੇ ਹੋਰ ਮਾਨਤਾ ਸ਼ਾਮਲ ਹਨ।

**3.1.4 ਅਧਿਆਪਕ ਪੇਸ਼ੇਵਰ ਵਿਕਾਸ:** ਅਧਿਆਪਕਾਂ ਨੂੰ ਸਵੈ-ਸੁਧਾਰ ਅਤੇ ਆਪਣੇ ਪੇਸ਼ਿਆਂ ਵਿੱਚ ਨਵੀਨਤਮ ਨਵੀਨਤਾਵਾਂ ਅਤੇ ਉੱਨਤੀਆਂ ਨੂੰ ਸਿੱਖਣ ਦੇ ਨਿਰੰਤਰ ਮੌਕੇ ਦਿੱਤੇ ਜਾਣਗੇ।

ਐੱਨਈਪੀ 2020 ਦੇ ਅਨੁਸਾਰ, ਅਧਿਆਪਕ ਦੀ ਤਿਆਰੀ ਇੱਕ ਅਜਿਹੀ ਗਤੀਵਿਧੀ ਹੈ ਜਿਸ ਲਈ ਬਹੁ-ਅਨੁਸ਼ਾਸਨੀ ਦ੍ਰਿਸ਼ਟੀਕੋਣ ਅਤੇ ਗਿਆਨ, ਸੁਭਾਅ ਅਤੇ ਕਦਰਾਂ-ਕੀਮਤਾਂ ਦੇ ਗਠਨ ਅਤੇ ਸਰਬੋਤਮ ਸਲਾਹਕਾਰਾਂ ਦੇ ਅਧੀਨ ਅਭਿਆਸ ਦੇ ਵਿਕਾਸ ਦੀ ਲੋੜ ਹੁੰਦੀ ਹੈ। ਇਸ ਲਈ ਅਧਿਆਪਕਾਂ ਨੂੰ ਸਿੱਖਿਆ ਅਤੇ ਸਿੱਖਿਆ ਸ਼ਾਸਤਰ ਵਿੱਚ ਨਵੀਨਤਮ ਉੱਨਤੀਆਂ ਵਿੱਚ ਚੰਗੀ ਤਰ੍ਹਾਂ ਜਾਣੂ ਹੋਣ ਦੇ ਨਾਲ-ਨਾਲ ਭਾਰਤੀ ਕਦਰਾਂ-ਕੀਮਤਾਂ, ਭਾਸ਼ਾਵਾਂ, ਗਿਆਨ, ਲੋਕਾਚਾਰ ਅਤੇ ਪਰੰਪਰਾਵਾਂ ਵਿੱਚ ਅਧਾਰਤ ਹੋਣ ਦੀ ਜ਼ਰੂਰਤ ਹੈ। ਐੱਨਪੀਐੱਸਟੀ ਆਪਣੇ ਆਪ ਵਿੱਚ ਇੱਕ ਜਨਤਕ ਬਿਆਨ ਹੈ ਕਿ ਅਧਿਆਪਨ ਦੀ ਗੁਣਵੱਤਾ ਕੀ ਹੈ ਅਤੇ ਭਾਰਤ ਵਿੱਚ ਵਿਦਿਆਰਥੀਆਂ ਦੇ ਵਿਦਿਅਕ ਨਤੀਜਿਆਂ ਵਿੱਚ ਸੁਧਾਰ ਲਈ ਕੀ ਜ਼ਰੂਰੀ ਹੈ। ਇਹ ਮਾਪਦੰਡ ਮਾਰਗ ਦਰਸ਼ਕ ਬਿਆਨ ਦਾ ਇੱਕ ਸਮੂਹ ਹੋਣਗੇ ਜੋ ਇੱਕ ਕੈਰੀਅਰ ਦੇ ਵੱਖ-ਵੱਖ ਪੜਾਵਾਂ 'ਤੇ ਮੁਹਾਰਤ ਦੇ ਵੱਖ-ਵੱਖ ਪੱਧਰਾਂ' ਤੇ ਇੱਕ ਅਧਿਆਪਕ ਦੀ ਭੂਮਿਕਾ ਦੀਆਂ ਉਮੀਦਾਂ ਨੂੰ ਪਰਿਭਾਸ਼ਤ ਕਰਦੇ ਹਨ। ਮਿਆਰ ਇਹ ਵੀ ਪਰਿਭਾਸ਼ਿਤ ਕਰਦੇ ਹਨ ਕਿ ਪ੍ਰਭਾਵਸ਼ਾਲੀ ਸਿੱਖਿਆ ਕਿਹੋ ਜਿਹੀ ਦਿਖਾਈ ਦਿੰਦੀ ਹੈ ਅਤੇ ਅਧਿਆਪਨ ਕੈਰੀਅਰ ਦੇ ਹਰੇਕ ਪੜਾਅ 'ਤੇ 21ਵੀਂ ਸਦੀ ਦੇ ਸਕੂਲਾਂ ਵਿੱਚ ਇੱਕ ਅਧਿਆਪਕ ਵਜੋਂ ਅਭਿਆਸ ਕਰਨ ਲਈ ਕਿਹੜੀਆਂ ਯੋਗਤਾਵਾਂ ਦੀ ਲੋੜ ਹੁੰਦੀ ਹੈ।

## 3.2 ਅਧਿਆਪਕਾਂ ਲਈ ਪੇਸ਼ੇਵਰ ਮਿਆਰ

ਅਧਿਆਪਕਾਂ ਲਈ ਪੇਸ਼ੇਵਰ ਮਿਆਰਾਂ ਦਾ ਢਾਂਚਾ ਚੰਗੇ ਅਧਿਆਪਕਾਂ ਦੇ ਗੁਣਾਂ ਅਤੇ ਚੰਗੀ ਸਿੱਖਿਆ ਦੇ ਸੰਬੰਧ ਵਿੱਚ ਸਪੱਸ਼ਟ ਅਤੇ ਅੰਤਰਨਿਹਿਤ ਵਿਆਖਿਆਵਾਂ ਉੱਤੇ ਅਧਾਰਤ ਹੈ। ਇਸ ਤੋਂ ਇਲਾਵਾ, ਇਹ ਭਾਰਤ ਵਿੱਚ ਅਧਿਆਪਨ ਅਤੇ ਅਧਿਆਪਕ ਗਠਨ 'ਤੇ ਖੋਜ' ਤੇ ਕੇਂਦ੍ਰਿਤ ਹੈ ਅਤੇ ਇਸੇ ਸੰਦਰਭ ਵਿੱਚ, ਇਹ ਅਧਿਆਪਕਾਂ ਅਤੇ ਅਧਿਆਪਨ ਦੀ ਗੁਣਵੱਤਾ ਨੂੰ ਪਰਿਭਾਸ਼ਿਤ ਕਰਨ ਅਤੇ ਮੁਲਾਂਕਣ ਕਰਨ ਦੀਆਂ ਪਹਿਲਕਦਮੀਆਂ ਦੀ ਰੂਪ ਰੇਖਾ ਵੀ ਦਿੰਦਾ ਹੈ।

### ੳ) ਯੋਗਤਾ

ਅਧਿਆਪਕਾਂ ਲਈ ਪੇਸ਼ੇਵਰ ਮਿਆਰ ਤਿਆਰ ਕਰਨ ਵਿੱਚ, ਉਨ੍ਹਾਂ ਯੋਗਤਾਵਾਂ ਲਈ ਮਿਆਰਾਂ ਦੇ ਇੱਕ ਸਾਂਝੇ ਮੁੱਖ ਸਮੂਹ ਵੱਲ ਧਿਆਨ ਖਿੱਚਿਆ ਜਾਂਦਾ ਹੈ ਜੋ ਅਧਿਆਪਨ ਪੇਸ਼ੇ ਲਈ ਜ਼ਰੂਰੀ ਹਨ। ਯੋਗਤਾ ਤੋਂ ਸਾਡਾ

ਮਤਲਬ ਗਿਆਨ, ਹੁਨਰ, ਸਮਝ, ਕਦਰਾਂ-ਕੀਮਤਾਂ, ਰਵੱਈਏ ਅਤੇ ਇੱਛਾ ਦਾ ਸੁਮੇਲ ਹੈ ਜੋ ਕਿਸੇ ਵਿਸ਼ੇਸ਼ ਖੇਤਰ ਵਿੱਚ ਪ੍ਰਭਾਵਸ਼ਾਲੀ, ਸੰਜੀਦਾ ਮਨੁੱਖੀ ਕਾਰਵਾਈ ਵੱਲ ਲੈ ਜਾਂਦਾ ਹੈ।

### ਅ) ਡੋਮੇਨ

ਅਧਿਆਪਕ ਗਿਆਨ ਅਤੇ ਅਧਿਆਪਨ ਅਭਿਆਸ (ਪੜ੍ਹਾਉਣ ਤੋਂ ਪਹਿਲਾਂ, ਪੜ੍ਹਾਉਣ ਦੌਰਾਨ ਅਤੇ ਪੜ੍ਹਾਉਣ ਤੋਂ ਬਾਅਦ) ਆਪਸ ਵਿੱਚ ਸੰਬੰਧਿਤ ਖੇਤਰ ਹਨ ਅਤੇ ਦੋਵੇਂ ਵਿਸ਼ਵਾਸਾਂ, ਹੁਨਰ, ਸੰਚਾਰ ਸਮਰੱਥਾਵਾਂ, ਪੇਸ਼ੇਵਰ ਪਛਾਣ, ਨੈਤਿਕਤਾ, ਕਦਰਾਂ-ਕੀਮਤਾਂ ਅਤੇ ਸੁਭਾਅ ਨਾਲ ਸੰਬੰਧਿਤ ਹਨ। ਹੇਠ ਲਿਖੇ ਤਿੰਨ ਖੇਤਰਾਂ ਦੀ ਪਛਾਣ ਮਿਆਰਾਂ ਵਜੋਂ ਕੀਤੀ ਗਈ ਹੈঃ

1. ਮੁੱਖ ਕਦਰਾਂ-ਕੀਮਤਾਂ ਅਤੇ ਨੈਤਿਕਤਾ
2. ਗਿਆਨ ਅਤੇ ਅਭਿਆਸ
3. ਪੇਸ਼ੇਵਰ ਵਿਕਾਸ ਅਤੇ ਤਰੱਕੀ

### ੲ) ਅਧਿਆਪਕ ਪ੍ਰੋਫਾਈਲ

ਜਿਸ ਹੱਦ ਤੱਕ ਇਹ ਸੰਭਵ ਹੈ, ਅਧਿਆਪਨ ਵਿੱਚ ਮੁਹਾਰਤ ਦੇ ਸੁਧਾਰ ਅਤੇ ਵਿਕਾਸ ਦਾ ਵਿਚਾਰ ਚੰਗੀ ਸਿੱਖਿਆ ਵਿੱਚ ਵਿਕਾਸ ਅਤੇ ਉੱਨਤੀ ਦੀ ਪ੍ਰਕਿਰਤੀ ਨੂੰ ਸੰਕੇਤ ਕਰਨ ਲਈ ਅਪਣਾਇਆ ਗਿਆ ਹੈ - ਸੁਧਾਰ ਅਤੇ ਵਿਕਾਸ ਲਈ ਅਭਿਲਾਸ਼ਾ ਅਤੇ ਮਾਰਗ ਦੋਵਾਂ ਦੇ ਨਾਲ-ਨਾਲ ਪੇਸ਼ੇਵਰਾਂ ਦੁਆਰਾ ਪੂਰੇ ਕੀਤੇ ਜਾ ਰਹੇ ਉੱਚੇ ਮਾਪਦੰਡਾਂ ਦੀ ਮਾਨਤਾ ਲਈ ਇੱਕ ਅਧਾਰ ਸਥਾਪਤ ਕਰਨਾ। ਐੱਨਪੀਐੱਸਟੀ ਲਈ, ਹੇਠ ਲਿਖੇ ਤਿੰਨ ਪੱਧਰ ਸਾਰੇ ਖੇਤਰਾਂ ਅਤੇ ਯੋਗਤਾਵਾਂ 'ਤੇ ਲਾਗੂ ਹੋਣ ਦੀ ਤਜਵੀਜ਼ ਹੈ। ਸਿੱਖਿਆ ਦਾ ਖੇਤਰ-ਸਕੂਲ ਦੇ ਵੱਖ-ਵੱਖ ਪੜਾਵਾਂ ਅਤੇ ਵਿਸ਼ਿਆਂ ਦੀ ਸਿੱਖਿਆ ਦੇ ਖੇਤਰ ਵਿੱਚ। ਇਨ੍ਹਾਂ ਪੱਧਰਾਂ ਅਤੇ ਉਨ੍ਹਾਂ ਦੇ ਵਰਣਨ ਨੂੰ ਸਮਰੱਥ ਬਣਾਉਣ ਵਾਲੇ ਵਜੋਂ ਵਰਤਿਆ ਜਾਣਾ ਚਾਹੀਦਾ ਹੈ ਤਾਂ ਜੋ ਇਹ ਵਿਚਾਰ ਬਣਾਇਆ ਜਾ ਸਕੇ ਕਿ ਅਧਿਆਪਕ ਕੀ ਕਰਨ ਦੇ ਯੋਗ ਹਨ ਅਤੇ ਉਹ ਕਿਹੜੇ ਖੇਤਰਾਂ ਵਿੱਚ ਅੱਗੇ ਵਿਕਾਸ ਕਰ ਸਕਦੇ ਹਨ। ਇਹ ਹੇਠ ਲਿਖੇ ਪੱਧਰਾਂ 'ਤੇ ਅਧਿਆਪਕਾਂ ਦੁਆਰਾ ਹਾਸਲ ਕੀਤੀਆਂ ਯੋਗਤਾਵਾਂ ਦੇ ਸਬੂਤ ਦੇ ਅਧਾਰ' ਤੇ ਉਨ੍ਹਾਂ ਦੀ ਨਿਯੁਕਤੀ ਵਿੱਚ ਵੀ ਸਹਾਇਤਾ ਕਰੇਗਾঃ

1. ਨਿਪੁੰਨ
2. ਉੱਨਤ
3. ਮਾਹਰ

ਐੱਨਪੀਐੱਸਟੀ ਇੱਕ ਮਾਰਗ ਦਰਸ਼ਕ ਦਸਤਾਵੇਜ਼ ਹੈ ਜੋ ਉੱਚ ਗੁਣਵੱਤਾ ਵਾਲੇ ਅਧਿਆਪਕਾਂ ਨੂੰ ਤਿਆਰ ਕਰਨ ਵਿੱਚ ਸ਼ਾਮਲ ਸਾਰੇ ਹਿੱਤਧਾਰਕਾਂ ਦੀ ਮਦਦ ਕਰਦਾ ਹੈ। ਅਧਿਆਪਕਾਂ ਨੂੰ ਉਨ੍ਹਾਂ ਦੇ ਅਧਿਆਪਕ ਬਣਨ ਦੇ ਫੈਸਲੇ ਤੋਂ ਲੈ ਕੇ ਉਨ੍ਹਾਂ ਦੀ ਅਧਿਆਪਨ ਯਾਤਰਾ ਪੂਰੀ ਹੋਣ ਤੱਕ ਇੱਕ ਸਪਸ਼ਟ ਹੁਨਰ ਮਾਰਗ ਪ੍ਰਦਾਨ ਕਰਦਾ ਹੈ। ਇਹ ਦਸਤਾਵੇਜ਼ ਅਧਿਆਪਕ ਸਿੱਖਿਆ ਸੰਸਥਾਵਾਂ ਨੂੰ ਮਿਆਰੀ ਅਧਿਆਪਕ ਬਣਾਉਣ ਲਈ ਸੇਧ ਦਿੰਦਾ ਹੈ।

ਮਿਆਰਾਂ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ ਅਤੇ ਅਧਿਆਪਨ ਪ੍ਰੋਫਾਈਲ ਦੇ ਇੱਕ ਵਿਸ਼ੇਸ਼ ਪੜਾਅ ਤੱਕ ਪਹੁੰਚਣ ਲਈ ਪੂਰਵ-ਜ਼ਰੂਰੀ ਯੋਗਤਾਵਾਂ ਦੇ ਰੂਪ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਹੈ। ਇੱਕ ਅਧਿਆਪਕ ਹੁਨਰ ਹਾਸਲ ਕਰਕੇ ਅਤੇ ਟੀਚੇ ਦੇ ਕੈਰੀਅਰ ਦੇ ਪੜਾਅ ਤੱਕ ਪਹੁੰਚਣ ਲਈ ਲੋੜੀਂਦੀਆਂ ਯੋਗਤਾਵਾਂ ਦੇ ਸਬੂਤ ਸਾਂਝੇ ਕਰਕੇ ਪੂਰਵ-ਜ਼ਰੂਰਤਾਂ ਨੂੰ ਪੂਰਾ ਕਰੇਗਾ। ਇੱਕ ਪੜਾਅ ਦੇ ਮਿਆਰਾਂ ਨੂੰ ਪੂਰਾ ਕਰਨ ਤੋਂ ਬਾਅਦ, ਇੱਕ ਅਧਿਆਪਕ

ਪ੍ਰਮਾਣਿਤ ਹੋ ਜਾਂਦਾ ਹੈ ਅਤੇ ਰਸਮੀ ਤੌਰ 'ਤੇ ਉਸ ਪੜਾਅ ਤੱਕ ਅੱਗੇ ਵਧਦਾ ਹੈ ਅਤੇ ਅਧਿਆਪਕ, ਅਧਿਆਪਨ ਅਭਿਆਸ ਵਿੱਚ ਪ੍ਰਾਪਤ ਯੋਗਤਾਵਾਂ ਨੂੰ ਲਾਗੂ ਕਰੇਗਾ ਅਤੇ ਅਗਲੇ ਕੈਰੀਅਰ ਦੇ ਪੜਾਅ ਲਈ ਯੋਗਤਾਵਾਂ 'ਤੇ ਕੰਮ ਕਰਨਾ ਸ਼ੁਰੂ ਕਰੇਗਾ।

ਅਧਿਆਪਕ ਸਿੱਖਿਆ ਪ੍ਰੋਗਰਾਮ (TEP) ਵਿੱਚ ਕਿਸੇ ਵਿਅਕਤੀ ਦੇ ਦਾਖ਼ਲੇ ਦੇ ਪਹਿਲੇ ਦਿਨ ਤੋਂ ਹੀ ਇੱਕ ਸਫ਼ਲ ਅਧਿਆਪਨ ਕੈਰੀਅਰ ਦੀ ਤਿਆਰੀ ਦੀ ਯਾਤਰਾ ਸ਼ੁਰੂ ਹੋ ਜਾਂਦੀ ਹੈ। ਐੱਨਪੀਐੱਸਟੀ ਉਨ੍ਹਾਂ ਯੋਗਤਾਵਾਂ ਨੂੰ ਸਾਰਨੀਬੱਧ ਕਰਦਾ ਹੈ ਜੋ ਇੱਕ ਵਿਦਿਆਰਥੀ ਅਧਿਆਪਕ ਨੂੰ ਅਧਿਆਪਨ ਕੈਰੀਅਰ ਦੀ ਤਿਆਰੀ ਕਰਦੇ ਸਮੇਂ ਸ਼ੁਰੂਆਤੀ ਪੜਾਅ 'ਤੇ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ। ਇਸ ਲਈ, ਜਦੋਂ ਕੋਈ ਸੰਭਾਵਿਤ ਅਧਿਆਪਕ ਅਧਿਆਪਨ ਪੇਸ਼ੇ ਵਿੱਚ ਸ਼ਾਮਲ ਹੋਣ ਦਾ ਫੈਸਲਾ ਕਰਦਾ ਹੈ, ਤਾਂ ਉਸ ਨੂੰ ਐੱਨਸੀਟੀਈ ਦੁਆਰਾ ਮਾਨਤਾ ਪ੍ਰਾਪਤ ਟੀਈਆਈ (TEIs) ਵਿੱਚ ਦਾਖ਼ਲ ਕੀਤਾ ਜਾਵੇਗਾ। ਇਹ ਸੰਸਥਾ ਵਿਦਿਆਰਥੀ ਅਧਿਆਪਕ ਨੂੰ ਇੱਕ ਪਾਠਕ੍ਰਮ ਬਾਰੇ ਸਿੱਖਿਅਤ ਕਰੇਗੀ ਜੋ ਅਧਿਆਪਨ ਪੇਸ਼ੇ ਦੇ ਪਹਿਲੇ ਕੈਰੀਅਰ ਦੇ ਪੜਾਅ ਤੱਕ ਪਹੁੰਚਣ ਲਈ ਲੋੜੀਂਦੀਆਂ ਯੋਗਤਾਵਾਂ ਦੇ ਅਧਾਰ 'ਤੇ ਬਣਾਇਆ ਗਿਆ ਹੈ। ਇਹ ਮਾਪਦੰਡ ਪਾਠਕ੍ਰਮ ਦੀ ਯੋਜਨਾਬੰਦੀ ਅਤੇ ਪ੍ਰੋਗਰਾਮ ਦੀ ਸਪੁਰਦਗੀ ਵਿੱਚ ਪ੍ਰੀ-ਸਰਵਿਸ ਅਧਿਆਪਕ ਸਿੱਖਿਆ ਸੰਸਥਾਵਾਂ ਦੁਆਰਾ ਪੂਰੇ ਕੀਤੇ ਜਾਣ ਵਾਲੇ ਘੱਟੋ ਘੱਟ ਮਾਪਦੰਡ ਹੋਣਗੇ। ਵਿਦਿਆਰਥੀ ਅਧਿਆਪਕ ਆਪਣੀ ਸ਼ੁਰੂਆਤੀ ਅਧਿਆਪਕ ਸਿਖਲਾਈ ਵਿੱਚ ਨਿਰੰਤਰ ਅਭਿਆਸ ਅਤੇ ਸਲਾਹਕਾਰ ਸਹਾਇਤਾ ਰਾਹੀਂ ਅਧਿਆਪਨ ਅਤੇ ਸਿੱਖਣ ਦੀ ਪ੍ਰਕਿਰਿਆ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਲੋੜੀਂਦੇ ਗਿਆਨ, ਹੁਨਰ, ਕਦਰਾਂ-ਕੀਮਤਾਂ ਅਤੇ ਰਵੱਈਏ ਦਾ ਵਿਕਾਸ ਕਰੇਗਾ।

ਐੱਨਈਪੀ 2020 ਵਿੱਚ ਕਿਹਾ ਗਿਆ ਹੈ ਕਿ ਸਕੂਲ ਦੇ ਹਰੇਕ ਪੜਾਅ ਲਈ ਇੱਕ ਅਧਿਆਪਕ ਯੋਗਤਾ ਟੈਸਟ (ਟੀਈਟੀ), ਇੱਕ ਵਿਦਿਆਰਥੀ ਅਧਿਆਪਕ ਲਈ ਅਧਿਆਪਨ ਪੇਸ਼ੇ ਵਿੱਚ ਦਾਖਲ ਹੋਣ ਲਈ ਇੱਕ ਪੂਰਵ-ਸ਼ਰਤ ਹੋਵੇਗੀ। ਇਸ ਤਰ੍ਹਾਂ, ਟੀਈਟੀ ਇਹ ਯਕੀਨੀ ਬਣਾਏਗਾ ਕਿ ਅਜਿਹੇ ਉਮੀਦਵਾਰਾਂ ਦੀ ਪਛਾਣ ਕੀਤੀ ਗਈ ਹੈ ਅਤੇ ਉਨ੍ਹਾਂ ਦਾ ਟੀਈਟੀ ਪ੍ਰੋਫ਼ਾਈਲ ਉਨ੍ਹਾਂ ਦੀਆਂ ਯੋਗਤਾਵਾਂ ਦੀ ਹੱਦ ਨੂੰ ਦਰਸਾਏਗਾ। ਇੱਕ ਵਾਰ ਜਦੋਂ ਨਵਾਂ ਅਧਿਆਪਕ ਅਧਿਆਪਨ ਪੇਸ਼ੇ ਵਿੱਚ ਸੈਟਲ ਹੋ ਜਾਂਦਾ ਹੈ, ਤਾਂ ਉਸ ਨੂੰ ਐੱਨਪੀਐੱਸਟੀ ਅਧਾਰਤ ਕੈਰੀਅਰ ਪੜਾਅ ਦੀ ਤਿਆਰੀ ਲਈ ਸੇਧ ਦਿੱਤੀ ਜਾਵੇਗੀ। ਅਧਿਆਪਕ ਦੀਆਂ ਯੋਗਤਾਵਾਂ ਦਾ ਫੈਸਲਾ ਕਾਰਗੁਜ਼ਾਰੀ ਸੰਕੇਤਾਂ (ਪੀਆਈ) ਦੁਆਰਾ ਕੀਤਾ ਜਾਵੇਗਾ ਜੋ ਪੇਸ਼ੇ ਲਈ ਸਵੀਕਾਰ ਕੀਤੇ ਗਏ ਮਿਆਰਾਂ ਵਿੱਚ ਪ੍ਰਾਪਤੀ ਦੇ ਪੱਧਰ ਨੂੰ ਦਰਸਾਉਂਦੇ ਹਨ। ਪੜਾਅਵਾਰ ਯੋਗਤਾਵਾਂ ਪ੍ਰਾਪਤ ਕਰਨ ਲਈ ਘੱਟੋ ਘੱਟ ਸਮਾਂ ਅਵਧੀ ਪੰਜ ਸਾਲ ਹੈ। ਅਧਿਆਪਕ ਦੇ ਗੁਣਵੱਤਾ ਭਰੋਸਾ ਅਤੇ ਕਾਰਗੁਜ਼ਾਰੀ ਸੰਕੇਤਾਂ ਨੂੰ ਨੈਸ਼ਨਲ ਮਿਸ਼ਨ ਫਾਰ ਮੈਂਟਰਿੰਗ (ਐੱਨਐੱਮਐੱਮ) ਪ੍ਰੋਗਰਾਮ ਨਾਲ ਜੋੜਿਆ ਜਾਵੇਗਾ ਅਤੇ ਵਧੀਆ ਅਧਿਆਪਕਾਂ ਨੂੰ ਸਲਾਹਕਾਰਾਂ ਦੇ ਪੂਲ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਇਹ ਵੱਖ-ਵੱਖ ਵਿਅਕਤੀਆਂ ਵਿੱਚ ਕ੍ਰਾਸ ਲਰਨਿੰਗ ਦਾ ਲਾਭ ਉਠਾਉਣ ਦਾ ਮੌਕਾ ਲਿਆਉਂਦਾ ਹੈ ਜਿਸ ਨਾਲ ਉਨ੍ਹਾਂ ਦਾ ਪੇਸ਼ੇਵਰ ਵਿਕਾਸ ਹੁੰਦਾ ਹੈ।

ਪ੍ਰਾਪਤ ਯੋਗਤਾਵਾਂ ਦੇ ਅਧਾਰ 'ਤੇ ਅਧਿਆਪਕਾਂ ਦੇ ਤਿੰਨ ਵੱਖ-ਵੱਖ ਪੱਧਰ ਹੇਠ ਲਿਖੇ ਅਨੁਸਾਰ ਹਨਃ

1. **ਨਿਪੁੰਨ ਅਧਿਆਪਕ (ਪ੍ਰਵੀਨ ਸ਼ਿਕਸ਼ਕ)**

ਕੈਰੀਅਰ ਦੇ ਇਸ ਪੜਾਅ 'ਤੇ, ਇੱਕ ਅਧਿਆਪਕ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਅਧਿਆਪਨ ਅਤੇ ਸਿੱਖਣ ਲਈ ਮਹੱਤਵਪੂਰਨ ਹੁਨਰਾਂ ਨੂੰ ਪ੍ਰਦਰਸ਼ਿਤ ਕਰਨ ਲਈ ਪੇਸ਼ੇਵਰ ਤੌਰ' ਤੇ ਸੁਤੰਤਰ ਹੋਵੇ। ਹੁਨਰਮੰਦ ਅਧਿਆਪਕ ਨੂੰ ਸਕੂਲ ਦੇ ਸਲਾਹਕਾਰਾਂ ਦੁਆਰਾ ਪੇਸ਼ੇਵਰ ਵਿਕਾਸ ਪ੍ਰੋਗਰਾਮਾਂ ਅਤੇ ਉਨ੍ਹਾਂ ਦੇ ਅਭਿਆਸ ਵਿੱਚ ਪ੍ਰਾਪਤ ਕੀਤੇ ਗਿਆਨ ਨੂੰ ਮਜ਼ਬੂਤ ਕਰਨ ਵਿੱਚ ਸਹਾਇਤਾ ਦਿੱਤੀ ਜਾਵੇਗੀ। ਸਕੂਲ ਅਧਾਰਤ ਸਲਾਹਕਾਰ ਅਧਿਆਪਨ ਅਭਿਆਸ ਨੂੰ ਬਿਹਤਰ ਬਣਾਉਣ ਵਿੱਚ ਨਿਪੁੰਨ ਅਧਿਆਪਕਾਂ ਦੀ ਮਦਦ ਕਰਨਗੇ। ਇੱਕ ਵਾਰ

ਜਦੋਂ ਨਿਪੁੰਨ ਅਧਿਆਪਕ ਹਾਸਲ ਕੀਤੇ ਹੁਨਰਾਂ ਨੂੰ ਲਾਗੂ ਕਰਨ ਵਿੱਚ ਪ੍ਰਦਰਸ਼ਨ ਦੇ ਸਰਬੋਤਮ ਪੱਧਰ 'ਤੇ ਪਹੁੰਚ ਜਾਂਦਾ ਹੈ, ਤਾਂ ਉਸ ਨੂੰ ਅਗਲੇ ਕੈਰੀਅਰ ਪੜਾਅ, ਜੋ ਕਿ ਉੱਨਤ ਅਧਿਆਪਕ ਪੜਾਅ ਹੈ, ਦੀ ਤਿਆਰੀ ਵੱਲ ਸੇਧ ਦਿੱਤੀ ਜਾਵੇਗੀ। ਅਧਿਆਪਕ ਨੂੰ ਅਗਲੇ ਪੜਾਅ ਲਈ ਪੇਸ਼ੇਵਰ ਵਿਕਾਸ ਦੇ ਮੌਕੇ ਦਿੱਤੇ ਜਾਣਗੇ ਅਤੇ ਉਸੇ ਸਕੂਲ ਪੱਧਰ ਲਈ ਅਗਲੇ ਕੈਰੀਅਰ ਪੜਾਅ ਨਾਲ ਸੰਬੰਧਿਤ ਸਬੂਤਾਂ ਨੂੰ ਵਿਕਸਤ ਕਰਨ ਅਤੇ ਹੁਨਰ ਹਾਸਲ ਕਰਨ ਲਈ ਮਾਰਗਦਰਸ਼ਨ ਕੀਤਾ ਜਾਵੇਗਾ। ਇੱਕ ਵਾਰ ਜਦੋਂ ਅਧਿਆਪਕ ਕੈਰੀਅਰ ਦੇ ਅਗਲੇ ਪੜਾਅ ਲਈ ਤਿਆਰ ਹੋ ਜਾਂਦਾ ਹੈ, ਤਾਂ ਉਸ ਨੂੰ ਉਨ੍ਹਾਂ ਦੇ ਹੁਨਰ ਮੁਲਾਂਕਣ ਅਤੇ ਉੱਨਤ ਅਧਿਆਪਕ ਦਾ ਦਰਜਾ ਪ੍ਰਾਪਤ ਕਰਨ ਲਈ ਸੇਧ ਦਿੱਤੀ ਜਾਵੇਗੀ। ਮਾਹਿਰ ਅਧਿਆਪਕ ਪਾਠਕ੍ਰਮ ਦੀ ਸਮੱਗਰੀ ਨੂੰ ਸੰਗਠਿਤ ਕਰਨ, ਸਰੋਤਾਂ ਦੀ ਚੋਣ ਕਰਨ, ਪਾਠ ਪੁਸਤਕਾਂ ਦੀ ਅਰਥਪੂਰਨ ਵਰਤੋਂ ਕਰਨ, ਵਿਦਿਆਰਥੀਆਂ ਲਈ ਪਾਠਕ੍ਰਮ ਦੇ ਉਦੇਸ਼ਾਂ ਨੂੰ ਸੰਮਲਿਤ ਕਰਨ, ਵਿਦਿਆਰਥੀਆਂ ਦੀ ਭਲਾਈ ਅਤੇ ਵਿਕਾਸ ਲਈ ਦੇਖਭਾਲ ਅਤੇ ਚਿੰਤਾ ਅਤੇ ਵਿਦਿਆਰਥੀਆਂ ਨਾਲ ਪ੍ਰਭਾਵਸ਼ਾਲੀ ਸੰਚਾਰ ਦਾ ਪ੍ਰਦਰਸ਼ਨ ਕਰਨਗੇ। ਉਹ ਸਿੱਖਣ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਵਿਅਕਤੀਗਤ ਸਿੱਖਿਆ ਦੀ ਜ਼ਰੂਰਤ ਨੂੰ ਪਛਾਣਦਾ ਹੈ; ਤੁਰੰਤ ਹਿੱਸੇਦਾਰਾਂ-ਮਾਪਿਆਂ ਅਤੇ ਸਕੂਲ ਪ੍ਰਬੰਧਨ ਨਾਲ ਗੱਲਬਾਤ ਕਰਦਾ ਹੈ; ਜਮਹੂਰੀ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਅਤੇ ਅਭਿਆਸਾਂ ਨੂੰ ਉਤਸ਼ਾਹਿਤ ਕਰਦਾ ਹੈ।

### 2. ਉੱਨਤ ਅਧਿਆਪਕ (ਉੱਨਤ ਸ਼ਿਕਸ਼ਕ)

ਇਸ ਕੈਰੀਅਰ ਦੇ ਪੜਾਅ 'ਤੇ, ਇੱਕ ਅਧਿਆਪਕ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਅਧਿਆਪਨ-ਸਿੱਖਣ ਦੀ ਪ੍ਰਕਿਰਿਆ ਨਾਲ ਸੰਬੰਧਿਤ ਸਰਬੋਤਮ ਅਭਿਆਸਾਂ ਦੇ ਅਧਾਰ' ਤੇ ਅਧਿਆਪਨ ਦੇ ਉੱਤਮ ਮਿਆਰਾਂ ਨੂੰ ਅਪਣਾਏ। ਉਹ ਅਧਿਆਪਨ ਅਤੇ ਸਿੱਖਣ ਲਈ ਮਹੱਤਵਪੂਰਨ ਹੁਨਰਾਂ ਨੂੰ ਲਾਗੂ ਕਰਨ ਵਿੱਚ ਪੇਸ਼ੇਵਰ ਤੌਰ 'ਤੇ ਸਮਰੱਥ ਹੋਵੇਗਾ। ਉੱਨਤ ਅਧਿਆਪਕ ਨਿਪੁੰਨ ਪੱਧਰ 'ਤੇ ਅਧਿਆਪਕਾਂ ਨੂੰ ਪੀਅਰ ਲੀਡਰ ਦੀ ਭੂਮਿਕਾ ਨਿਭਾਉਣਗੇ। ਉੱਨਤ ਅਧਿਆਪਕ ਨੂੰ ਪ੍ਰਿੰਸੀਪਲ/ਮੁਖੀ/ਸੀਨੀਅਰ ਅਹੁਦੇਦਾਰਾਂ ਦੁਆਰਾ ਉਨ੍ਹਾਂ ਦੇ ਅਭਿਆਸ ਲਈ ਦੇਖਿਆ ਜਾਵੇਗਾ ਅਤੇ ਉਸ ਅਨੁਸਾਰ ਸਿਖਲਾਈ ਦਿੱਤੀ ਜਾਵੇਗੀ। ਇੱਕ ਵਾਰ ਜਦੋਂ ਉੱਨਤ ਅਧਿਆਪਕ ਕੈਰੀਅਰ ਦੇ ਅਗਲੇ ਪੜਾਅ ਲਈ ਤਿਆਰ ਹੋ ਜਾਂਦਾ ਹੈ, ਤਾਂ ਉਸ ਨੂੰ ਮਾਹਰ ਅਧਿਆਪਕ ਦਾ ਦਰਜਾ ਪ੍ਰਾਪਤ ਕਰਨ ਲਈ ਸੇਧ ਦਿੱਤੀ ਜਾਵੇਗੀ। ਇਸ ਕੈਰੀਅਰ ਦੇ ਪੜਾਅ 'ਤੇ ਉਹ ਵੱਡੀ ਏਜੰਸੀ ਨਾਲ ਲਾਗੂ ਕਰਨ, ਅਨੁਕੂਲ ਹੋਣ ਅਤੇ ਕੰਮ ਕਰਨ ਲਈ ਕਾਫ਼ੀ ਜਾਗਰੂਕ ਹੋਵੇਗਾ; ਵਿਸ਼ਾ ਖੇਤਰ ਵਿੱਚ ਵਿਕਾਸ ਬਾਰੇ ਜਾਗਰੂਕ ਹੋਣਾ; ਹੁਨਰ ਏਕੀਕਰਣ ਅਤੇ ਪਾਠਕ੍ਰਮ ਦੀ ਸਮੱਗਰੀ ਵਿੱਚ ਨਵੀਂ ਪਾਠਕ੍ਰਮ ਸਮੱਗਰੀ ਨਾਲ ਕੰਮ ਕਰਨਾ। ਉਹ ਵਿਦਿਆਰਥੀਆਂ ਦੀਆਂ ਵਿਅਕਤੀਗਤ ਅਤੇ ਵਿਭਿੰਨ ਸਿੱਖਣ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਸਮਰੱਥ ਹੋਵੇਗਾ; ਸਿੱਖਣ ਵਾਲੇ ਅਤੇ ਅਧਿਆਪਨ ਸੰਦਰਭ ਨੂੰ ਸਮਝਣ ਤੋਂ ਬਾਅਦ ਪ੍ਰਤੀਬਿੰਬਤ ਕਰਨਾ; ਸਮੱਸਿਆਵਾਂ ਦੀ ਤੁਲਨਾ, ਨਵੀਨਤਾ ਅਤੇ ਹੱਲ ਕਰਨਾ। ਉਹ ਤੁਰੰਤ, ਦਰਮਿਆਨੇ ਅਤੇ ਲੰਬੇ ਸਮੇਂ ਦੇ ਵਿਦਿਆਰਥੀ ਸਿੱਖਣ/ਵਿਦਿਅਕ ਉਦੇਸ਼ਾਂ ਲਈ ਰਣਨੀਤੀਆਂ ਅਤੇ ਚੁਣੌਤੀਆਂ ਦਾ ਹੱਲ ਕਰਨ ਅਤੇ ਸਕੂਲ ਦੇ ਅੰਦਰ ਅਤੇ ਭਾਈਚਾਰੇ ਵਿੱਚ ਵਿਭਿੰਨ ਹਿੱਸੇਦਾਰਾਂ ਨਾਲ ਕੰਮ ਕਰਨ ਲਈ ਸਾਧਨ ਭਰਪੂਰ ਹੋਵੇਗਾ।

### 3. ਮਾਹਰ ਅਧਿਆਪਕ (ਕੁਸ਼ਲ ਸਿੱਖਿਅਕ)

ਇਸ ਪੱਧਰ 'ਤੇ, ਅਧਿਆਪਕਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਸਲਾਹਕਾਰ ਜਾਂ ਸਾਥੀ ਨੇਤਾ ਦੀ ਭੂਮਿਕਾ ਲਈ ਬੇਮਿਸਾਲ ਸਮਰੱਥਾ ਦੇ ਨਾਲ ਉੱਚਤਮ ਮਿਆਰ ਨੂੰ ਅਪਣਾਉਣਗੇ ਅਤੇ ਹੋਰ ਅਧਿਆਪਕਾਂ ਨੂੰ ਆਪਣੀਆਂ ਯੋਗਤਾਵਾਂ ਨੂੰ ਸੁਧਾਰਨ ਦੇ ਨਾਲ-ਨਾਲ ਸਕੂਲ ਦੇ ਪੇਸ਼ੇਵਰ ਵਿਕਾਸ ਪ੍ਰੋਗਰਾਮ ਦੀ ਅਗਵਾਈ ਕਰਨ ਵਿੱਚ ਸਹਾਇਤਾ ਕਰਨਗੇ। ਇਸ ਕੈਰੀਅਰ ਦੇ ਪੜਾਅ 'ਤੇ, ਇੱਕ ਅਧਿਆਪਕ ਆਪਣੇ ਅਧਿਆਪਨ ਅਭਿਆਸ ਵਿੱਚ ਨਿਰੰਤਰ ਸਰਬੋਤਮ ਪੱਧਰ ਦੀ ਕਾਰਗੁਜ਼ਾਰੀ ਪ੍ਰਦਰਸ਼ਿਤ ਕਰੇਗਾ, ਸਹਿਯੋਗੀ ਤੌਰ' ਤੇ ਕੰਮ

ਕਰੇਗਾ ਅਤੇ ਆਪਣੇ ਸਿੱਖਣ ਅਤੇ ਅਭਿਆਸ ਨੂੰ ਵਧਾਉਣ ਲਈ ਸਹਿਕਰਮੀਆਂ ਨੂੰ ਸਲਾਹ ਦੇਵੇਗਾ। ਇਸ ਤੋਂ ਇਲਾਵਾ, ਇੱਕ ਮਾਹਰ ਅਧਿਆਪਕ ਨਿਰੰਤਰ ਕਿਸੇ ਦੀ ਸਿੱਖਣ ਦੀਆਂ ਜ਼ਰੂਰਤਾਂ ਅਤੇ ਆਪਣੇ ਸਹਿਕਰਮੀਆਂ ਅਤੇ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖ ਕੇ ਆਪਣੇ ਪੇਸ਼ੇਵਰ ਗਿਆਨ ਅਤੇ ਅਭਿਆਸ ਨੂੰ ਵਿਕਸਤ ਕਰਨ ਦੀ ਕੋਸ਼ਿਸ਼ ਕਰੇਗਾ। ਮਾਹਰ ਅਧਿਆਪਕ ਸਾਥੀ ਨਿਰੀਖਣਾਂ ਵਿੱਚ ਸ਼ਾਮਲ ਹੋਣਗੇ ਅਤੇ ਆਪਣੇ ਅਤੇ ਦੂਜਿਆਂ ਦੇ ਸਿੱਖਣ ਲਈ ਜ਼ਿੰਮੇਵਾਰ ਹੋਣਗੇ। ਮਾਹਰ ਅਧਿਆਪਕ ਕੈਰੀਅਰ ਦੇ ਅਗਲੇ ਪੜਾਅ ਵਿੱਚ ਅੱਗੇ ਵਧਣ ਲਈ ਦੂਜਿਆਂ ਨੂੰ ਸਲਾਹ ਦੇਵੇਗਾ। ਉਨ੍ਹਾਂ ਨੂੰ ਨਿਰਦੇਸ਼ਿਤ ਕੀਤਾ ਜਾਵੇਗਾ। ਹੁਨਰ ਹਾਸਲ ਕਰਨ ਅਤੇ ਕੈਰੀਅਰ ਦੇ ਅਗਲੇ ਪੜਾਅ ਨਾਲ ਸੰਬੰਧਿਤ ਸਪਸ਼ਟਤਾ ਵਿਕਸਤ ਕਰਨ ਲਈ ਉਹ ਸਕੂਲਾਂ ਵਿੱਚ ਸਿੱਖਣ ਵਾਲੇ ਭਾਈਚਾਰਿਆਂ ਦਾ ਵਿਕਾਸ ਕਰਕੇ ਆਪਣੇ ਅਤੇ ਦੂਜਿਆਂ ਦੇ ਅਧਿਆਪਨ ਅਭਿਆਸ ਨੂੰ ਬਿਹਤਰ ਬਣਾਉਣ ਲਈ ਇੱਕ ਬੇਮਿਸਾਲ ਸਮਰੱਥਾ ਦਾ ਪ੍ਰਦਰਸ਼ਨ ਕਰੇਗਾ।

### 3.3 ਯੋਗਤਾ 'ਚ ਵਾਧਾ ਅਤੇ ਵਿਕਾਸ

ਵਰਣਿਤ ਸਾਰੇ ਪੇਸ਼ੇਵਰ ਖੇਤਰਾਂ ਵਿੱਚ ਯੋਗਤਾ ਦਾ ਵਾਧਾ ਅਤੇ ਵਿਕਾਸ ਦੋਵੇਂ ਸੰਭਵ ਅਤੇ ਲੋੜੀਂਦੇ ਹਨ। ਇਹ ਵਾਧਾ ਅਤੇ ਵਿਕਾਸ ਅਧਿਆਪਨ ਨਾਲ ਸੰਬੰਧਿਤ ਹਰ ਕਿਸਮ ਦੀਆਂ ਯੋਗਤਾਵਾਂ 'ਤੇ ਲਾਗੂ ਹੁੰਦਾ ਹੈਃ ਗਿਆਨ, ਰਵੱਈਏ, ਵਿਸ਼ਵਾਸਾਂ, ਹੁਨਰ, ਸੁਭਾਅ, ਕਦਰਾਂ-ਕੀਮਤਾਂ, ਅਧਿਆਪਨ ਦੀ ਸਮੱਗਰੀ/ਵਿਸ਼ਾ ਵਸਤੂ, ਸਿਖਿਆਰਥੀਆਂ, ਭਾਈਚਾਰਿਆਂ ਦੀ ਸਮਝ, ਸਿੱਖਿਆ ਦੇ ਦਾਰਸ਼ਨਿਕ ਉਦੇਸ਼ ਆਦਿ। ਮੋਟੇ ਤੌਰ ਉੱਤੇ, ਅਜਿਹੇ ਵਿਕਾਸ ਲਈ ਤਿੰਨ ਰਸਤੇ ਹਨਃ

**ੳ) ਅਨੁਭਵ-** ਅਨੁਭਵ ਅਤੇ ਪ੍ਰਤੀਬਿੰਬ ਅਧਿਆਪਕਾਂ ਨੂੰ ਅਧਿਆਪਨ ਦੇ ਅਭਿਆਸ ਬਾਰੇ ਵਧੇਰੇ ਸਮਝਣ, ਆਪਣੇ ਗਿਆਨ ਨੂੰ ਡੂੰਘਾ ਕਰਨ, ਸਿਧਾਂਤਾਂ ਅਤੇ ਵਿਸ਼ਵਾਸਾਂ ਦੀ ਸਮਝ, ਪ੍ਰਸੰਗ, ਸਿੱਖਣ ਵਾਲਿਆਂ ਅਤੇ ਸਿੱਖਣ ਦੀ ਪ੍ਰਕਿਰਿਆ ਦੇ ਨਾਲ-ਨਾਲ ਵਿਦਿਅਕ ਉਦੇਸ਼ਾਂ ਦੀ ਉਨ੍ਹਾਂ ਦੀ ਸਮਝ ਵੱਲ ਲੈ ਜਾਂਦਾ ਹੈ। ਸ਼ੁਰੂ ਵਿੱਚ, ਇੱਕ ਅਧਿਆਪਕ ਦਾ ਧਿਆਨ ਅਧਿਆਪਨ ਦੀਆਂ ਰੁਟੀਨ ਨਾਲ ਵਧੇਰੇ ਜਾਣੂ ਹੋਣ ਅਤੇ ਵੱਖ-ਵੱਖ ਪੇਸ਼ੇਵਰ ਅਤੇ ਕਾਰਜ ਸਥਾਨ ਦੀਆਂ ਮੰਗਾਂ ਦੇ ਆਦੀ ਹੋਣ ਦੀ ਜ਼ਰੂਰਤ ਦੁਆਰਾ ਲਿਆ ਜਾਂਦਾ ਹੈ, ਜੋ ਕਿ ਕਿਸੇ ਵੀ ਕਿੱਤੇ ਲਈ ਆਮ ਹੈ। ਹੌਲੀ-ਹੌਲੀ, ਅਧਿਆਪਨ ਦੇ ਮੁੱਖ ਕੰਮ ਅਤੇ ਸਿੱਖਣ ਨੂੰ ਸਮਰੱਥ ਬਣਾਉਣ ਅਤੇ ਸਾਰੇ ਵਿਦਿਆਰਥੀਆਂ ਲਈ ਵਿਦਿਅਕ ਟੀਚਿਆਂ ਦੀ ਪ੍ਰਾਪਤੀ ਲਈ ਵਧੇਰੇ ਮਾਨਸਿਕ ਸਮਾਂ ਮੁਕਤ ਹੋ ਜਾਂਦਾ ਹੈ। ਪੂਰਵ-ਸੇਵਾ ਅਧਿਆਪਕ ਸਿੱਖਿਆ ਪੜਾਅ ਦੌਰਾਨ 'ਸਿਧਾਂਤਕ' ਸਿੱਖਣ ਦੀ ਮਹੱਤਤਾ ਅਤੇ ਮੁੱਲ ਵੀ ਅਧਿਆਪਕਾਂ ਦੁਆਰਾ ਵਧੇਰੇ ਸਪੱਸ਼ਟ ਅਤੇ ਮਹੱਤਵਪੂਰਣ ਬਣ ਜਾਂਦਾ ਹੈ। ਅਧਿਆਪਕ ਇਹ ਪੇਸ਼ੇ ਦੀ ਪੇਸ਼ੇਵਰ ਪਛਾਣ ਅਤੇ ਸਮਝ ਦੀ ਇੱਕ ਵੱਡੀ ਭਾਵਨਾ ਵੀ ਬਣਾਉਂਦਾ ਹੈ। ਸਾਰੇ ਅਧਿਆਪਕ ਅਨੁਭਵ ਰਾਹੀਂ ਸਿੱਖਦੇ ਹਨ ਅਤੇ ਵਿਕਾਸ ਕਰਦੇ ਹਨ।

**ਅ) ਪ੍ਰਗਟਾਅ ਅਤੇ ਪਰਸਪਰ ਪ੍ਰਭਾਵ-** ਪੇਸ਼ੇਵਰ ਸਿੱਖਿਆ ਦੇ ਸਮਾਜਿਕ ਸੁਭਾਅ ਨੂੰ ਹੁਣ ਤੇਜ਼ੀ ਨਾਲ ਸਵੀਕਾਰ ਕੀਤਾ ਜਾ ਰਿਹਾ ਹੈ। ਸਾਥੀਆਂ ਅਤੇ ਸਹਿਕਰਮੀਆਂ ਨਾਲ ਗੱਲ ਕਰਕੇ ਸਿੱਖਣਾ ਅਤੇ 'ਚੀਜ਼ਾਂ ਨੂੰ ਹੋਰ ਕਿਤੇ ਕਿਵੇਂ ਕੀਤਾ ਜਾਂਦਾ ਹੈ' ਆਦਿ ਨਾਲ ਸੰਪਰਕ ਕਰਨਾ, ਅਧਿਆਪਕਾਂ ਲਈ ਸਿੱਖਣ ਅਤੇ ਵਿਕਾਸ ਦੇ ਮਹੱਤਵਪੂਰਨ ਸਰੋਤ ਹਨ। ਕਾਨਫਰੰਸਾਂ ਅਤੇ ਵਰਕਸ਼ਾਪਾਂ ਵਿੱਚ ਸ਼ਾਮਲ ਹੋਣਾ, ਅਭਿਆਸ ਅਤੇ ਪੇਸ਼ੇਵਰ ਸਿੱਖਣ ਦੇ ਭਾਈਚਾਰਿਆਂ ਦਾ ਇੱਕ ਹਿੱਸਾ ਬਣਨਾ, ਅਤੇ ਸਿੱਖਿਆ ਤੋਂ ਇਲਾਵਾ ਹੋਰ ਕਾਰਜ ਸਥਾਨਾਂ 'ਤੇ ਘਟਨਾ ਪ੍ਰਗਟਾਅ ਅਧਿਆਪਕਾਂ ਨੂੰ ਪ੍ਰਤੀਬਿੰਬਤ ਕਰਨ ਅਤੇ ਸਿੱਖਣ ਦੇ ਮੌਕੇ ਪ੍ਰਦਾਨ ਕਰਦੇ ਹਨ।

**ੲ) ਨਿਰੰਤਰ ਪੇਸ਼ੇਵਰ ਵਿਕਾਸ-** ਵਰਕਸ਼ਾਪਾਂ, ਸਮਰੱਥਾ ਨਿਰਮਾਣ ਸੈਸ਼ਨ, ਅਪਸਕਿਲਿੰਗ ਕੋਰਸ- ਨਿਰੰਤਰ ਪੇਸ਼ੇਵਰ ਵਿਕਾਸ ਲਈ ਆਨਲਾਈਨ ਅਤੇ ਆਫਲਾਈਨ ਨਵੇਂ ਗਿਆਨ, ਅਭਿਆਸਾਂ ਨੂੰ ਸਿੱਖਣ ਜਾਂ ਨਵੇਂ ਹੁਨਰ ਖੇਤਰਾਂ ਅਤੇ ਯੋਗਤਾਵਾਂ ਨੂੰ ਵਿਕਸਤ ਕਰਨ ਦੇ ਮੌਕੇ ਪ੍ਰਦਾਨ ਕਰਦੇ ਹਨ, ਸੰਬੰਧਿਤ ਯੋਗਤਾਵਾਂ ਦਾ ਵਿਕਾਸ ਕਰਦੇ ਹਨ ਜਿਸ ਨਾਲ ਕੈਰੀਅਰ ਦੇ ਨਵੇਂ ਰਸਤੇ ਬਣਦੇ ਹਨ। ਇਸ ਤਰ੍ਹਾਂ, ਇਹ ਦੋਵੇਂ ਨਵੇਂ ਖੇਤਰਾਂ ਬਾਰੇ ਸਿੱਖਣ ਅਤੇ ਵਧੇਰੇ ਮੁਹਾਰਤ ਵਿਕਸਤ ਕਰਨ ਦਾ ਇੱਕ ਮਹੱਤਵਪੂਰਨ ਮੌਕਾ ਹੈ।

### 3.4 ਪ੍ਰੋਫੈਸ਼ਨਲ ਸਟੈਂਡਰਡਜ਼ ਫਾਰ ਟੀਚਰਜ਼ (ਐੱਨਪੀਐੱਸਟੀ)

ਆਮ ਤੌਰ ਉੱਤੇ ਮਿਆਰਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਿੱਖਿਆ ਦੀ ਗੁਣਵੱਤਾ ਨੂੰ ਪਰਿਭਾਸ਼ਿਤ ਕਰਨ ਅਤੇ ਰੂਪ-ਰੇਖਾ ਬਣਾਉਣ ਲਈ ਦੇਖਿਆ ਜਾਂਦਾ ਹੈ। ਉਹ "ਚੰਗੀ ਸਿੱਖਿਆ" ਦੀ ਨੁਮਾਇੰਦਗੀ ਕਰਦੇ ਹਨ ਅਤੇ ਨਾਲ ਹੀ ਇਹ ਪਛਾਣ ਕਰਦੇ ਹਨ ਕਿ "ਮਿਆਰਾਂ ਨੂੰ ਪੂਰਾ ਕਰਨ" ਦਾ ਕੀ ਅਰਥ ਹੈ। ਪੇਸ਼ੇਵਰ ਤੌਰ ਉੱਤੇ, ਇਹਨਾਂ ਮਿਆਰਾਂ ਨੂੰ ਉਹਨਾਂ ਦੇ ਉਦੇਸ਼ ਅਤੇ ਕਵਰੇਜ਼ ਦੇ ਅਧਾਰ ਉੱਤੇ ਸ਼੍ਰੇਣੀਬੱਧ ਕੀਤਾ ਜਾਂਦਾ ਹੈ। ਇਹ ਮਾਪਦੰਡ ਅਭਿਆਸ ਦੇ ਸੰਬੰਧਿਤ ਖੇਤਰਾਂ ਲਈ ਆਮ ਜਾਂ ਵਿਸ਼ੇਸ਼ ਹੋ ਸਕਦੇ ਹਨ। ਇਨ੍ਹਾਂ ਨੂੰ ਇੱਕ ਬੁਨਿਆਦੀ ਢੰਗ ਨਾਲ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਜਿਸ ਵਿੱਚ ਸਾਰੇ ਅਧਿਆਪਨ ਪੇਸ਼ੇਵਰਾਂ ਨੂੰ ਇਕੱਠੇ ਜਾਂ ਪ੍ਰਗਤੀਸ਼ੀਲ ਢੰਗ ਨਾਲ ਵੱਖ-ਵੱਖ ਕੈਰੀਅਰ ਪੜਾਵਾਂ 'ਤੇ ਅਧਿਆਪਕਾਂ ਲਈ ਸ਼ਾਮਲ ਕੀਤਾ ਜਾ ਸਕਦਾ ਹੈ, ਜੋ ਨਿਪੁੰਨ ਤੋਂ ਮਾਹਰ ਅਭਿਆਸ ਪੱਧਰ ਤੱਕ ਇੱਕ ਰੋਡਮੈਪ ਪ੍ਰਦਾਨ ਕਰਦਾ ਹੈ।




ਚਿੱਤਰ 2. ਪੇਸ਼ੇਵਰ ਮਿਆਰਾਂ ਅਤੇ ਯੋਗਤਾ ਬਾਰੇ ਚਿੱਤਰ

ਐੱਨਈਪੀ 2020 ਦੇ ਦ੍ਰਿਸ਼ਟੀਕੋਣ ਨੂੰ ਪੂਰਾ ਕਰਨ ਲਈ, ਤਿੰਨ ਖੇਤਰਾਂ ਵਿੱਚ ਮਿਆਰ ਜਿਵੇਂ ਕਿ ਜ਼ਿਕਰ ਕੀਤਾ ਗਿਆ ਹੈ, ਅਧਿਆਪਨ ਪੇਸ਼ੇਵਰਾਂ ਦੇ ਜੀਵਨ ਭਰ ਦੇ ਕੈਰੀਅਰ ਦੇ ਵਿਕਾਸ ਨੂੰ ਕਵਰ ਕਰਨ ਲਈ ਵਿਸਤ੍ਰਿਤ ਰੂਪ ਵਿੱਚ ਪਰਿਭਾਸ਼ਿਤ ਕੀਤੇ ਗਏ ਹਨ। ਐੱਨ.ਸੀ.ਈ.ਆਰ.ਟੀ., ਐੱਸ.ਸੀ.ਈ.ਆਰ.ਟੀ., ਸਾਰੇ ਪੱਧਰਾਂ ਅਤੇ ਖੇਤਰਾਂ ਦੇ ਅਧਿਆਪਕਾਂ, ਅਧਿਆਪਕ ਤਿਆਰੀ ਅਤੇ ਵਿਕਾਸ ਵਿੱਚ ਮਾਹਰ ਸੰਗਠਨਾਂ, ਮਾਹਰ ਸੰਸਥਾਵਾਂ ਅਤੇ ਉੱਚ ਸਿੱਖਿਆ ਸੰਸਥਾਵਾਂ ਦੀ ਸਲਾਹ ਨਾਲ ਐੱਨਪੀਐੱਸਟੀ ਦਾ ਇੱਕ ਸਾਂਝਾ ਮਾਰਗ ਦਰਸ਼ਕ ਸਮੂਹ ਵਿਕਸਿਤ ਕੀਤਾ ਗਿਆ ਹੈ।

# 4 ਪ੍ਰੋਫੈਸ਼ਨਲ ਸਟੈਂਡਰਡਜ਼ ਫਾਰ ਟੀਚਰਜ਼ (ਐੱਨਪੀਐੱਸਟੀ) ਢਾਂਚਾ

ਅਧਿਆਪਕਾਂ ਦੇ ਢਾਂਚੇ ਲਈ ਰਾਸ਼ਟਰੀ ਪੇਸ਼ੇਵਰ ਮਿਆਰਾਂ ਦੇ ਕੈਰੀਅਰ ਦੇ ਪਹਿਲੂਆਂ ਨੂੰ ਅਧਿਆਪਕਾਂ ਦੇ ਕੰਮ ਦੇ ਵਿਸ਼ੇਸ਼ ਪਹਿਲੂਆਂ ਰਾਹੀਂ ਦਰਸਾਇਆ ਜਾ ਸਕਦਾ ਹੈ। ਢਾਂਚੇ ਨੂੰ ਹੇਠ ਲਿਖੇ ਤਿੰਨ ਆਪਸ ਵਿੱਚ ਸੰਬੰਧਿਤ ਖੇਤਰਾਂ ਵਿੱਚ ਵਿਵਸਥਿਤ ਕੀਤਾ ਗਿਆ ਹੈ ਜਿਨ੍ਹਾਂ ਨੂੰ 'ਮਿਆਰ (ਸਟੈਂਡਰਡਜ਼)' ਕਿਹਾ ਜਾਂਦਾ ਹੈ ਜਿਵੇਂ ਕਿ ਵਰਣਨ ਕੀਤਾ ਗਿਆ ਹੈ।

**4.1 ਮਿਆਰ 1: ਮੁੱਖ ਕਦਰਾਂ-ਕੀਮਤਾਂ ਅਤੇ ਨੈਤਿਕਤਾ-** ਇਹ ਮਿਆਰ ਮੁੱਖ ਕਦਰਾਂ-ਕੀਮਤਾਂ ਅਤੇ ਨੈਤਿਕਤਾ ਨਾਲ ਸੰਬੰਧਿਤ ਖੇਤਰਾਂ ਨੂੰ ਕਵਰ ਕਰੇਗਾ ਜੋ ਇੱਕ ਅਧਿਆਪਕ ਦੁਆਰਾ ਵਿਕਸਤ ਕੀਤੇ ਜਾਣ ਦੀ ਉਮੀਦ ਕੀਤੀ ਜਾਂਦੀ ਹੈ। ਅਧਿਆਪਨ ਪੇਸ਼ੇ ਵਿੱਚ ਮੁੱਖ ਕਦਰਾਂ-ਕੀਮਤਾਂ ਅਤੇ ਨੈਤਿਕਤਾ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਉਹ ਮਾਰਗ ਦਰਸ਼ਕ ਸਿਧਾਂਤਾਂ ਵਜੋਂ ਕੰਮ ਕਰਦੀਆਂ ਹਨ ਜੋ ਅਧਿਆਪਕਾਂ ਦੀਆਂ ਕਦਰਾਂ-ਕੀਮਤਾਂ ਦੇ ਪੇਸ਼ੇਵਰ ਵਿਕਾਸ ਨੂੰ ਰੂਪ ਦਿੰਦੀਆਂ ਹਨ ਜਿਵੇਂ ਕਿ ਇਮਾਨਦਾਰੀ, ਪੇਸ਼ੇਵਰਤਾ, ਇਮਾਨਦਾਰੀ, ਸਤਿਕਾਰ, ਵਿਸ਼ਵਾਸ ਅਤੇ ਕਲਾਸਰੂਮ ਦੇ ਅੰਦਰ ਆਪਸੀ ਸਮਝ ਪ੍ਰਤੀ ਵਚਨਬੱਧਤਾ ਅਤੇ ਅਧਿਆਪਕਾਂ ਨੂੰ ਆਪਣੇ ਵਿਦਿਅਕ ਹੁਨਰਾਂ ਅਤੇ ਜੀਵਨ ਭਰ ਸਿੱਖਣ ਵਿੱਚ ਨਿਰੰਤਰ ਸੁਧਾਰ ਕਰਨ ਵਿੱਚ ਸਹਾਇਤਾ ਕਰਦੇ ਹਨ। ਇਨ੍ਹਾਂ ਮੁੱਢਲੀਆਂ ਕਦਰਾਂ-ਕੀਮਤਾਂ ਅਤੇ ਨੈਤਿਕਤਾ ਨੂੰ ਕਾਇਮ ਰੱਖ ਕੇ, ਅਧਿਆਪਕ ਬਰਾਬਰੀ ਅਤੇ ਸ਼ਮੂਲੀਅਤ ਦੀ ਨੀਂਹ ਬਣਾਉਂਦੇ ਹਨ।




ਚਿੱਤਰ. 3 ਮੁੱਖ ਕਦਰਾਂ-ਕੀਮਤਾਂ ਅਤੇ ਨੈਤਿਕਤਾ ਬਾਰੇ ਚਿੱਤਰ

**4.2 ਮਿਆਰ 2: ਗਿਆਨ ਅਤੇ ਅਭਿਆਸ-** ਇਹ ਮਿਆਰ ਉਸ ਖੇਤਰ ਨੂੰ ਕਵਰ ਕਰਦਾ ਹੈ ਜੋ ਇੱਕ ਅਧਿਆਪਕ ਤੋਂ ਆਪਣੇ ਵਿਦਿਆਰਥੀਆਂ ਬਾਰੇ ਜਾਣਨ ਅਤੇ ਸਮਝਣ ਦੀ ਉਮੀਦ ਕੀਤੀ ਜਾਂਦੀ ਹੈ ਅਤੇ ਹਰੇਕ ਕੈਰੀਅਰ ਦੇ ਪੜਾਅ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਲਈ ਅਧਿਆਪਨ-ਸਿੱਖਣ ਬਾਰੇ ਹੈ। ਇਹ ਮਿਆਰ ਇਹ ਵੀ ਦਰਸਾਉਂਦਾ ਹੈ ਕਿ ਕਿਵੇਂ ਇੱਕ ਅਧਿਆਪਕ ਅਧਿਆਪਨ-ਸਿੱਖਣ ਦੀ ਪ੍ਰਕਿਰਿਆ ਅਤੇ ਸਿੱਖਣ ਦੇ ਮੁਲਾਂਕਣ ਨੂੰ ਪੂਰਾ ਕਰਦੇ ਹੋਏ ਬੱਚਿਆਂ ਲਈ ਸਿੱਖਣ ਦੇ ਢੁਕਵੇਂ ਤਜ਼ਰਬਿਆਂ ਨੂੰ ਡਿਜ਼ਾਈਨ ਕਰਦਾ ਹੈ। ਅਧਿਆਪਕ ਗਿਆਨ ਅਤੇ ਅਭਿਆਸ ਦਾ ਖੇਤਰ ਵਿਸ਼ਾਲ ਹੈ ਅਤੇ ਇਸ ਵਿੱਚ ਵਿਸ਼ਿਆਂ ਦਾ ਗਿਆਨ ਅਤੇ ਸੰਬੰਧਿਤ ਵਿਦਿਅਕ ਸਮੱਗਰੀ ਦਾ ਗਿਆਨ, ਵਿਸ਼ਿਆਂ ਨੂੰ ਪੇਸ਼ ਕਰਨ ਦੇ ਤਰੀਕਿਆਂ ਦਾ ਗਿਆਨ, ਵਿੱਦਿਅਕ ਉਦੇਸ਼ਾਂ ਅਤੇ ਰਾਸ਼ਟਰੀ ਸਿੱਖਿਆ ਪ੍ਰਣਾਲੀਆਂ ਦਾ ਗਿਆਨ, ਨੀਤੀਆਂ ਅਤੇ ਇਤਿਹਾਸ, ਸਿੱਖਣ ਦੇ ਸਿਧਾਂਤ ਦਾ ਗਿਆਨ ਅਤੇ ਸਿੱਖਣ ਵਾਲੇ ਪ੍ਰਸੰਗਾਂ ਦਾ ਵਿਸ਼ੇਸ਼ ਗਿਆਨ ਅਤੇ ਵਿਦਿਅਕ ਅਭਿਆਸਾਂ ਦਾ ਗਿਆਨ ਸ਼ਾਮਲ ਹੈ। ਗਿਆਨ ਅਤੇ ਅਭਿਆਸ ਵਿੱਚ ਚੀਜ਼ਾਂ ਨੂੰ 'ਕਰਨ' ਦੀਆਂ ਯੋਗਤਾਵਾਂ ਅਤੇ ਰਵੱਈਏ ਸ਼ਾਮਲ ਹੁੰਦੇ ਹਨ ਅਤੇ ਏਜੰਸੀ ਦੀ ਭਾਵਨਾ ਹੁੰਦੀ ਹੈਃ ਵਿਦਿਆਰਥੀਆਂ ਨੂੰ ਸਮਾਵੇਸ਼ੀ ਅਤੇ ਅਰਥਪੂਰਨ ਢੰਗ ਨਾਲ ਸ਼ਾਮਲ ਕਰਨਾ,

ਯੋਜਨਾਬੰਦੀ, ਪੜ੍ਹਾਉਣਾ, ਮੁਲਾਂਕਣ ਕਰਨਾ ਅਤੇ ਪ੍ਰਤੀਬਿੰਬਤ ਕਰਨਾ, ਸਰੋਤਾਂ ਦੀ ਚੋਣ, ਵਿਕਾਸ ਅਤੇ ਵਰਤੋਂ ਕਰਨਾ, ਕਲਾਸਰੂਮ, ਲਾਇਬ੍ਰੇਰੀ, ਪ੍ਰਯੋਗਸ਼ਾਲਾ, 'ਫੀਲਡ ਯਾਤਰਾਵਾਂ', ਗਲਿਆਰੇ ਸਮੇਤ ਵੱਖ-ਵੱਖ ਪਾਠਕ੍ਰਮ ਸਾਈਟਾਂ ਵਿੱਚ ਸਿੱਖਣ ਦੇ ਤਜ਼ਰਬਿਆਂ ਨੂੰ ਡਿਜ਼ਾਈਨ ਕਰਨਾ ਅਤੇ ਲਾਗੂ ਕਰਨਾ। ਖੇਡ ਦੇ ਮੈਦਾਨ, ਅਤੇ ਸਾਰੇ ਵਿਦਿਆਰਥੀਆਂ ਨੂੰ ਸਮੁੱਚੇ ਤੌਰ 'ਤੇ ਸਿੱਖਣ ਅਤੇ ਵਿਕਾਸ ਕਰਨ ਵਿੱਚ ਸਹਾਇਤਾ ਕਰਨਾ।




**ਚਿੱਤਰ. 4 ਗਿਆਨ ਅਤੇ ਅਭਿਆਸ ਬਾਰੇ ਚਿੱਤਰ**

**4.3 ਮਿਆਰ 3: ਪੇਸ਼ੇਵਰ ਵਾਧਾ ਅਤੇ ਵਿਕਾਸ**- ਇਹ ਮਿਆਰ ਉਸ ਡੋਮੇਨ ਨੂੰ ਕਵਰ ਕਰਦਾ ਹੈ ਜੋ ਨਿਰੰਤਰ ਪੇਸ਼ੇਵਰ ਵਿਕਾਸ (CPD) ਲਈ ਪ੍ਰੋਗਰਾਮਾਂ ਵਿੱਚ ਭਾਗੀਦਾਰੀ ਦੁਆਰਾ ਹਰੇਕ ਕੈਰੀਅਰ ਪੜਾਅ 'ਤੇ ਪੇਸ਼ੇਵਰ ਗਿਆਨ/ਯੋਗਤਾ ਅਤੇ ਅਭਿਆਸ ਵਿੱਚ ਸੁਧਾਰ ਕਰਨ ਲਈ ਅਧਿਆਪਕ ਤੋਂ ਕੀ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਪੇਸ਼ੇਵਰ ਹੋਣ ਦੇ ਨਾਤੇ ਅਧਿਆਪਕਾਂ ਨੂੰ ਆਪਣੀ ਪੇਸ਼ੇਵਰ ਪਛਾਣ ਦੀ ਕਦਰ ਕਰਨ ਅਤੇ ਆਪਣੀਆਂ ਸਮਰੱਥਾਵਾਂ ਨੂੰ ਵਧਾਉਣ ਅਤੇ ਵਿਕਸਿਤ ਕਰਨ ਲਈ ਨਿਰੰਤਰ ਯਤਨ ਕਰਨ ਦੀ ਜ਼ਰੂਰਤ ਹੈ। ਜਿਵੇਂ ਕਿ ਕਾਰਜਸ਼ੀਲ ਪਰਿਭਾਸ਼ਾ ਵਿੱਚ ਸਪੱਸ਼ਟ ਕੀਤਾ ਗਿਆ ਹੈ। ਯੋਗਤਾ, ਜੋ ਕਿ ਇਸ ਦਸਤਾਵੇਜ਼ ਵਿੱਚ ਵਰਤੀ ਗਈ ਹੈ, ਯੋਗਤਾ ਵਿੱਚ ਗਿਆਨ, ਸੁਭਾਅ ਅਤੇ ਸਮਰੱਥਾਵਾਂ ਦੇ ਇਹ ਸਾਰੇ ਰੂਪ ਸ਼ਾਮਲ ਹਨ।




ਚਿੱਤਰ. 5 ਪੇਸ਼ੇਵਰ ਵਾਧਾ ਅਤੇ ਵਿਕਾਸ ਬਾਰੇ ਚਿੱਤਰ

| ਮਿਆਰ 1: ਮੁੱਖ ਕਦਰਾਂ-ਕੀਮਤਾਂ ਅਤੇ ਨੈਤਿਕਤਾ | | | |
|---|---|---|---|
| ਮੁੱਖ ਕਦਰਾਂ-ਕੀਮਤਾਂ ਅਤੇ ਪੇਸ਼ੇਵਰ ਨੈਤਿਕਤਾ ਜੋ ਇੱਕ ਅਧਿਆਪਕ ਤੋਂ ਪ੍ਰਗਟ ਕਰਨ ਦੀ ਉਮੀਦ ਕੀਤੀ ਜਾਂਦੀ ਹੈ | | | |
| ਡੋਮੇਨ | ਨਿਪੁੰਨ ਅਧਿਆਪਕ | ਉੱਨਤ ਅਧਿਆਪਕ | ਮਾਹਰ ਅਧਿਆਪਕ |
| ਭਾਰਤ ਦੇ ਸੰਵਿਧਾਨ ਵਿੱਚ ਦਰਜ ਸੰਵਿਧਾਨਕ ਕਦਰਾਂ-ਕੀਮਤਾਂ | ਸੰਵਿਧਾਨਕ ਕਦਰਾਂ-ਕੀਮਤਾਂ ਦੇ ਸੰਦਰਭ ਵਿੱਚ ਤਰਕ, ਤਰਜੀਹਾਂ, ਪ੍ਰਤੀਬਿੰਬ ਅਤੇ ਵਿਆਖਿਆ ਕਰਨ ਦੀ ਸਮਰੱਥਾ | | |
| | ਜਾਣਕਾਰੀ ਨੂੰ ਨੈਤਿਕ, ਜ਼ਿੰਮੇਵਾਰੀ ਨਾਲ ਵਰਤਣ ਅਤੇ ਵਿਦਿਆਰਥੀਆਂ ਦੀ ਇੱਜ਼ਤ ਨੂੰ ਯਕੀਨੀ ਬਣਾਉਣ ਦੀ ਸਮਰੱਥਾ | | |
| | ਭਾਰਤੀ ਸੰਵਿਧਾਨ ਦੀ ਧਾਰਾ 51ਏ ਵਿੱਚ ਦਿੱਤੇ ਗਏ ਬੁਨਿਆਦੀ ਕਰਤੱਵਾਂ ਬਾਰੇ ਜਾਗਰੂਕਤਾ ਅਤੇ ਅਭਿਆਸ | | |
| | ਵਿਵਾਦਪੂਰਨ ਸਥਿਤੀ ਅਤੇ ਗੱਲਬਾਤ ਦੇ ਗੁੰਝਲਦਾਰ ਵਾਤਾਵਰਣ ਦੇ ਮਾਮਲੇ ਵਿੱਚ ਕਾਨੂੰਨੀ ਜ਼ਿੰਮੇਵਾਰੀਆਂ, ਨੀਤੀਆਂ ਅਤੇ ਨੈਤਿਕ ਤਰਕ ਨੂੰ ਸਮਝਣ ਦੀ ਯੋਗਤਾ | | |
| ਪੇਸ਼ੇਵਰ ਸੰਬੰਧ | ਸਿੱਖਣ ਵਾਲਿਆਂ ਲਈ ਸਹਿ-ਪਾਠਕ੍ਰਮ ਦੇ ਮੌਕੇ ਸ਼ੁਰੂ ਕਰਨ ਲਈ ਹੋਰ ਪੇਸ਼ੇਵਰਾਂ ਅਤੇ ਸੰਗਠਨਾਂ ਨਾਲ ਗੱਲਬਾਤ। | | |
| | ਬੱਚੇ ਦੇ ਸਮੁੱਚੇ ਵਿਕਾਸ ਵਿੱਚ ਮਾਪਿਆਂ ਅਤੇ ਭਾਈਚਾਰੇ ਦੀ ਭੂਮਿਕਾ ਨੂੰ ਸਵੀਕਾਰ ਕਰਨਾ ਅਤੇ ਸਮਝਣਾ। | | |
| | ਸਰੋਤਾਂ ਆਦਿ ਨੂੰ ਸਾਂਝਾ ਕਰਨ ਲਈ ਆਪਣੇ ਸਕੂਲ ਅਤੇ ਹੋਰ ਸੰਸਥਾਵਾਂ ਅਤੇ ਭਾਈਚਾਰੇ ਦਰਮਿਆਨ ਆਪਸੀ ਸੰਬੰਧਾਂ ਨੂੰ ਬਣਾਈ ਰੱਖਣ ਦੀ ਸਮਰੱਥਾ | | |
| | ਸਕੂਲ ਦੇ ਅੰਦਰ ਅਤੇ ਬਾਹਰ ਵੱਖ-ਵੱਖ ਹਿੱਸੇਦਾਰਾਂ ਨਾਲ ਸੰਬੰਧਾਂ ਦਾ ਪਾਲਣ ਪੋਸ਼ਣ ਕਰਨ ਅਤੇ ਗੁੰਝਲਦਾਰ ਅਤੇ ਚੁਣੌਤੀਪੂਰਨ ਵਾਤਾਵਰਣ ਬਾਰੇ ਗੱਲਬਾਤ ਕਰਨ ਦੀ ਸਮਰੱਥਾ। | | |
| | ਸੰਸਥਾ ਨੂੰ ਕੁਸ਼ਲਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਦੇ ਯੋਗ ਬਣਾਉਣ ਲਈ ਟੀਚੇ ਅਤੇ ਰਣਨੀਤੀਆਂ ਨਿਰਧਾਰਤ ਕਰਨ ਦੀ ਸਮਰੱਥਾ ਤਾਂ ਜੋ ਸਾਰੇ ਵਿਦਿਆਰਥੀਆਂ ਲਈ ਸਮਾਵੇਸ਼ੀ ਤੌਰ 'ਤੇ ਵਿੱਦਿਅਕ ਟੀਚਿਆਂ ਨੂੰ ਪ੍ਰਾਪਤ ਕੀਤਾ ਜਾ ਸਕੇ ਅਤੇ ਸਕੂਲ ਦੇ ਸਾਰੇ ਮੈਂਬਰਾਂ ਲਈ ਕੰਮ ਦੇ ਅਨੁਕੂਲ ਵਾਤਾਵਰਣ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਇਆ ਜਾ ਸਕੇ। | | |

| ਮਿਆਰ 2: ਗਿਆਨ ਅਤੇ ਅਭਿਆਸ | | | | |
|---|---|---|---|---|
| ਕਲਾਸਰੂਮ ਵਿੱਚ ਪ੍ਰਭਾਵਸ਼ਾਲੀ ਵਿਦਿਅਕ ਅਭਿਆਸਾਂ ਦੇ ਸੰਦਰਭ ਵਿੱਚ ਇੱਕ ਅਧਿਆਪਕ ਤੋਂ ਕੀ ਜਾਣਨ, ਸਮਝਣ ਅਤੇ ਕਰਨ ਦੇ ਯੋਗ ਹੋਣ ਦੀ ਉਮੀਦ ਕੀਤੀ ਜਾਂਦੀ ਹੈ | | | | |
| **ਡੋਮੇਨ** | **ਸਬ-ਡੋਮੇਨ** | **ਨਿਪੁੰਨ ਅਧਿਆਪਕ** | **ਉੱਨਤ ਅਧਿਆਪਕ** | **ਮਾਹਰ ਅਧਿਆਪਕ** |
| ਹਰੇਕ ਬੱਚੇ ਦੀਆਂ ਵਿਲੱਖਣ ਯੋਗਤਾਵਾਂ ਨੂੰ ਪਛਾਣਨਾ, ਪਛਾਣਨਾ ਅਤੇ ਉਤਸ਼ਾਹਿਤ ਕਰਨਾ | ਬੱਚਿਆਂ ਦੇ ਵਿਕਾਸ ਅਤੇ ਸਿੱਖਣ ਉੱਤੇ ਅਸਰ | ਵਿਕਾਸ ਦੇ ਵੱਖ-ਵੱਖ ਪੜਾਵਾਂ ਅਤੇ ਖੇਤਰਾਂ ਨਾਲ ਸੰਬੰਧਿਤ ਸਿਧਾਂਤਾਂ ਦੀ ਸਮਝ (ਬੋਧਾਤਮਕ, ਭਾਸ਼ਾਈ, ਸਮਾਜਿਕ, ਭਾਵਨਾਤਮਕ ਅਤੇ ਸਰੀਰਕ ) | ਵਿਅਕਤੀਆਂ ਲਈ ਸਿੱਖਣ ਅਤੇ ਵਿਕਾਸ ਦੇ ਪੈਟਰਨਾਂ ਦੀ ਪਛਾਣ ਕਰਨ ਲਈ ਬੱਚੇ ਦੇ ਵਿਕਾਸ ਦੇ ਗਿਆਨ ਅਤੇ ਸਮਝ ਦੀ ਵਰਤੋਂ | ਸਾਥੀਆਂ ਲਈ ਬਾਲ ਵਿਕਾਸ ਥਿਊਰੀਆਂ ਦਾ ਮਾਡਲ ਉਪਯੋਗ |
| | ਸਿਖਿਆਰਥੀ ਵਿਭਿੰਨਤਾ | ਵੱਖ-ਵੱਖ ਕਿਸਮਾਂ ਦੇ ਸਿੱਖਣ ਵਾਲਿਆਂ ਦੀ ਵਿਭਿੰਨਤਾ ਦੀ ਸਪਸ਼ਟ ਸਮਝ ਵਿਕਸਿਤ ਕਰੋ (ਸਿੱਖਣ ਦੀਆਂ ਸ਼ੈਲੀਆਂ, ਸਿੱਖਣ ਦੀਆਂ ਜ਼ਰੂਰਤਾਂ, ਸਮਾਜਿਕ-ਆਰਥਿਕ ਸਥਿਤੀ, ਸੱਭਿਆਚਾਰ, ਭਾਸ਼ਾ, ਪਰਿਵਾਰਕ ਢਾਂਚਾ ਆਦਿ ਸ਼ਾਮਲ ਹਨ) ਅਤੇ ਸਕੂਲ ਅਤੇ ਕਲਾਸਰੂਮ ਵਿੱਚ ਇਸ ਵਿਭਿੰਨਤਾ ਨੂੰ ਸੰਬੋਧਿਤ ਕਰੋ। | ਵਿਦਿਆਰਥੀਆਂ ਦੀਆਂ ਵਿਭਿੰਨ ਜ਼ਰੂਰਤਾਂ ਨੂੰ ਪੂਰਾ ਕਰਨ ਅਤੇ ਇੱਕ ਸਮਾਵੇਸ਼ੀ ਵਾਤਾਵਰਣ ਬਣਾਉਣ ਲਈ ਸਿੱਖਣ ਦੇ ਸਰੋਤਾਂ ਦੇ ਗਿਆਨ ਦੀ ਵਰਤੋਂ। | ਕਲਾਸਰੂਮ ਦੇ ਤਜਰਬੇ ਦੇ ਅਧਾਰ 'ਤੇ ਵਿਅਕਤੀਗਤ ਵਿਦਿਆਰਥੀਆਂ ਦੀਆਂ ਵਿਭਿੰਨ ਜ਼ਰੂਰਤਾਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਪੂਰਾ ਕਰਨ ਦੀ ਸਮਰੱਥਾ। |
| | ਅਪਾਹਜ ਵਿਦਿਆਰਥੀਆਂ ਅਤੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਦੀਆਂ ਸਿੱਖਣ ਦੀਆਂ ਜ਼ਰੂਰਤਾਂ | ਵੱਖ-ਵੱਖ ਕਿਸਮਾਂ ਦੀਆਂ ਅਪਾਹਜਤਾਵਾਂ ਅਤੇ ਪ੍ਰਤਿਭਾਸ਼ਾਲੀ ਬੱਚਿਆਂ ਦੀਆਂ ਉਨ੍ਹਾਂ ਦੀਆਂ ਵਿਸ਼ੇਸ਼ ਸਿੱਖਣ ਦੀਆਂ ਜ਼ਰੂਰਤਾਂ ਬਾਰੇ ਗਿਆਨ ਦਾ ਪ੍ਰਦਰਸ਼ਨ ਕਰੋ ਅਤੇ ਉਨ੍ਹਾਂ ਦੀ ਸਿੱਖਿਆ ਦਾ ਸਮਰਥਨ ਕਰਨ ਲਈ ਰਣਨੀਤੀ ਬਣਾਓ। | ਕਲਾਸ ਵਿੱਚ ਵੱਖ-ਵੱਖ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਵਿਸ਼ੇਸ਼ ਜ਼ਰੂਰਤਾਂ ਦੇ ਗਿਆਨ ਦੀ ਵਰਤੋਂ | ਵਿਸ਼ੇਸ਼ ਜ਼ਰੂਰਤਾਂ ਦੀ ਪਛਾਣ ਕਰਨ ਦੀ ਸਮਰੱਥਾ ਜਿਸ ਲਈ ਮਾਹਰ ਦਖਲ ਦੀ ਜ਼ਰੂਰਤ ਹੁੰਦੀ ਹੈ ਅਤੇ ਹਾਣੀਆਂ ਨੂੰ ਅਜਿਹੀਆਂ ਸਥਿਤੀਆਂ ਤੱਕ ਪਹੁੰਚ ਕਰਨ ਬਾਰੇ ਜਾਣਕਾਰੀ ਪ੍ਰਦਾਨ ਕਰਨ ਦੀ ਸਮਰੱਥਾ |
| ਵਿਸ਼ੇ ਦਾ ਗਿਆਨ, ਸੰਕਲਪਿਕ, ਸਮਝ ਅਤੇ ਉਪਯੋਗ | | ਵਿਸ਼ੇ ਦੇ ਖੇਤਰ ਦੇ ਗਿਆਨ, ਸਮਝ ਅਤੇ ਉਪਯੋਗ ਦੇ ਪ੍ਰਸਾਰ ਵਿੱਚ ਸਮਰੱਥਾਵਾਂ ਦਾ ਪ੍ਰਦਰਸ਼ਨ ਕਰੋ। | ਅੰਤਰ ਅਤੇ ਅੰਤਰ-ਵਿਸ਼ਾ ਸਮੱਗਰੀ ਸੰਬੰਧਾਂ ਨੂੰ ਲਾਗੂ ਕਰੋ ਅਤੇ ਸਥਾਨਕ ਅਤੇ ਸਵਦੇਸ਼ੀ ਗਿਆਨ ਨੂੰ ਏਕੀਕ੍ਰਿਤ ਕਰੋ। | ਵਿਸ਼ੇ ਦੇ ਖੇਤਰ ਵਿੱਚ ਵਿਕਾਸ ਦੇ ਨਾਲ ਅੱਪ ਟੂ ਡੇਟ ਰੱਖਣਾ ਅਤੇ ਪਾਠਕ੍ਰਮ ਲੈਣ-ਦੇਣ ਵਿੱਚ ਨਵੀਆਂ ਧਾਰਨਾਵਾਂ ਲਿਆਉਣਾ |
| ਪਾਠਕ੍ਰਮ | ਪਾਠਕ੍ਰਮ ਦਾ ਢਾਂਚਾ | ਵਿਸ਼ੇ/ਅਨੁਸ਼ਾਸਨ ਵਿੱਚ ਪਾਠਕ੍ਰਮ ਅਤੇ ਪਾਠਕ੍ਰਮ ਢਾਂਚੇ ਦੇ ਟੀਚਿਆਂ ਦੀ ਸਪਸ਼ਟ ਸਮਝ ਵਿਕਸਿਤ ਕਰੋ। | ਅੰਤਰ-ਅਤੇ ਅੰਤਰ-ਪਾਠਕ੍ਰਮ ਸੰਬੰਧਾਂ ਨੂੰ ਸਮਝਣ ਅਤੇ ਵਿਕਸਿਤ ਕਰਨ ਲਈ ਸਹਿਕਰਮੀਆਂ ਨਾਲ ਸਹਿਯੋਗ | ਨਵੀਨਤਮ ਵਿਕਾਸ ਅਤੇ ਨਵੇਂ ਗਿਆਨ ਨੂੰ ਧਿਆਨ ਵਿੱਚ ਰੱਖਦੇ ਹੋਏ ਪਾਠਕ੍ਰਮ ਲੈਣ-ਦੇਣ ਵਿੱਚ ਸੋਧ |

| ਮਿਆਰ 2: ਗਿਆਨ ਅਤੇ ਅਭਿਆਸ | | | | |
|---|---|---|---|---|
| ਕਲਾਸਰੂਮ ਵਿੱਚ ਪ੍ਰਭਾਵਸ਼ਾਲੀ ਵਿਦਿਅਕ ਅਭਿਆਸਾਂ ਦੇ ਸੰਦਰਭ ਵਿੱਚ ਇੱਕ ਅਧਿਆਪਕ ਤੋਂ ਕੀ ਜਾਣਨ, ਸਮਝਣ ਅਤੇ ਕਰਨ ਦੇ ਯੋਗ ਹੋਣ ਦੀ ਉਮੀਦ ਕੀਤੀ ਜਾਂਦੀ ਹੈ | | | | |
| **ਡੋਮੇਨ** | **ਸਬ-ਡੋਮੇਨ** | **ਨਿਪੁੰਨ ਅਧਿਆਪਕ** | **ਉੱਨਤ ਅਧਿਆਪਕ** | **ਮਾਹਰ ਅਧਿਆਪਕ** |
| ਵਿਦਿਆਰਥੀ ਦੇ ਸਿੱਖਣ ਲਈ ਸਮੱਗਰੀ ਦਾ ਵਿਕਾਸ | ਸਿੱਖਿਆ ਸੰਬੰਧੀ/ਵਿਦਿਅਕ ਰਣਨੀਤੀਆਂ ਅਤੇ ਸਿੱਖਣ ਦੇ ਵਰਗੀਕਰਨ | ਆਮ ਸਿੱਖਿਆ ਸੰਬੰਧੀ ਰਣਨੀਤੀਆਂ, ਸਿੱਖਿਆ ਵਿੱਚ ਵਰਤੀਆਂ ਜਾਣ ਵਾਲੀਆਂ ਸਿੱਖਣ ਦੀਆਂ ਵਰਗੀਕਰਣਾਂ ਅਤੇ ਆਮ ਵਿੱਦਿਅਕ ਵਿਧੀਆਂ ਅਤੇ ਸਰੋਤਾਂ ਦੀ ਸਮਝ | ਆਪਣੇ ਵਿਸ਼ੇ/ਅਧਿਆਪਨ ਖੇਤਰ ਵਿੱਚ ਸਿੱਖਣ ਦੇ ਵਰਗੀਕਰਨ ਅਤੇ ਵਿਦਿਅਕ ਰਣਨੀਤੀਆਂ ਦੀ ਵਰਤੋਂ ਕਰਦੇ ਹੋਏ ਵਿਕਾਸ ਦੇ ਅਨੁਕੂਲ ਸਿੱਖਣ ਦੇ ਟੀਚਿਆਂ/ਨਤੀਜਿਆਂ ਦਾ ਵਿਕਾਸ ਕਰਨਾ। | ਦਿਲਚਸਪ ਪਾਠ ਯੋਜਨਾਵਾਂ ਬਣਾਉਣ ਲਈ ਸਿੱਖਣ ਦੀਆਂ ਥਿਊਰੀਆਂ, ਸਿੱਖਿਆ ਸੰਬੰਧੀ/ਵਿਦਿਅਕ ਰਣਨੀਤੀਆਂ ਅਤੇ ਸਿੱਖਣ ਦੇ ਵਰਗੀਕਰਣਾਂ ਦੀ ਵਰਤੋਂ ਦੀ ਚੋਣ ਕਰਨ ਵਿੱਚ ਸਲਾਹਕਾਰ ਸਹਿਯੋਗੀ |
| | ਵਿਭਿੰਨ ਹਦਾਇਤ/ਅਧਿਆਪਨ | ਵੱਖ-ਵੱਖ ਸਿੱਖਿਆ/ਅਧਿਆਪਨ ਰਣਨੀਤੀਆਂ ਅਤੇ ਸਿੱਖਣ ਵਿੱਚ ਵਿਦਿਆਰਥੀਆਂ ਦੀ ਭਾਗੀਦਾਰੀ ਨੂੰ ਵਧਾਉਣ ਵਿੱਚ ਉਨ੍ਹਾਂ ਦੀ ਭੂਮਿਕਾ ਦੀ ਸਪਸ਼ਟ ਸਮਝ ਅਤੇ ਸਮਝ ਦਾ ਪ੍ਰਦਰਸ਼ਨ ਕਰੋ। | ਵਿਦਿਆਰਥੀਆਂ ਨੂੰ ਸਿੱਖਣ ਵਿੱਚ ਸ਼ਾਮਲ ਕਰਨ ਲਈ ਵੱਖ-ਵੱਖ ਨਿਰਦੇਸ਼ਾਂ ਦੀ ਵਰਤੋਂ | ਵਿਦਿਆਰਥੀਆਂ ਦੀ ਸ਼ਮੂਲੀਅਤ ਨੂੰ ਵਧਾਉਣ ਲਈ ਵਿਕਾਸਾਤਮਕ ਤੌਰ 'ਤੇ ਢੁਕਵੀਂ ਵੱਖਰੀਆਂ ਗਤੀਵਿਧੀਆਂ ਅਤੇ ਰਣਨੀਤੀਆਂ ਬਣਾਉਣ ਵਿੱਚ ਸਲਾਹਕਾਰ ਸਹਿਯੋਗੀ |
| | ਆਲੋਚਨਾਤਮਕ ਸੋਚ, ਸਿਰਜਣਾਤਮਕ ਸੋਚ ਅਤੇ ਉੱਚ ਪੱਧਰੀ ਸੋਚ ਦੇ ਹੁਨਰ ਵਰਗੇ ਜੀਵਨ ਹੁਨਰ ਵਿਕਸਤ ਕਰਨ ਲਈ ਰਣਨੀਤੀਆਂ ਅਤੇ ਸਾਧਨ | ਆਮ ਵਿਦਿਅਕ ਰਣਨੀਤੀਆਂ ਦੀ ਡੂੰਘੀ ਸਮਝ ਦਿਖਾਓ ਜੋ ਆਲੋਚਨਾਤਮਕ ਅਤੇ ਸਿਰਜਣਾਤਮਕ ਸੋਚ, ਅਤੇ/ਜਾਂ ਹੋਰ ਉੱਚ-ਕ੍ਰਮ ਦੀ ਸੋਚ ਦੇ ਹੁਨਰ ਨੂੰ ਵਿਕਸਤ ਕਰਦੀਆਂ ਹਨ। | ਅਜਿਹੇ ਹੁਨਰਾਂ ਨੂੰ ਵਿਕਸਤ ਕਰਨ ਲਈ ਢੁਕਵੀਂ ਵਿਦਿਅਕ ਰਣਨੀਤੀਆਂ ਦੀ ਵਰਤੋਂ | ਖੇਤਰ ਵਿੱਚ ਹਾਲ ਹੀ ਦੇ ਵਿਕਾਸ ਦੇ ਗਿਆਨ ਦੇ ਅਧਾਰ 'ਤੇ ਨਵੀਆਂ ਵਿਦਿਅਕ ਰਣਨੀਤੀਆਂ ਬਣਾਓ। |
| ਸਿੱਖਣ ਦੀਆਂ ਯੋਜਨਾਵਾਂ | ਸਿੱਖਣ ਦੇ ਟੀਚੇ ਅਤੇ ਉਦੇਸ਼ | ਮਾਪਣਯੋਗ ਅਤੇ ਪ੍ਰਾਪਤ ਕਰਨ ਯੋਗ ਸਿੱਖਣ ਦੇ ਟੀਚੇ ਅਤੇ ਉਦੇਸ਼ ਦੀ ਸਮਝ | ਪਾਠਕ੍ਰਮ ਢਾਂਚੇ ਨਾਲ ਜੁੜੇ ਵਿਸ਼ੇ ਲਈ ਮਾਪਣਯੋਗ ਅਤੇ ਪ੍ਰਾਪਤ ਕਰਨ ਯੋਗ ਸਿੱਖਣ ਦੇ ਟੀਚੇ ਅਤੇ ਉਦੇਸ਼ ਬਣਾਓ। | ਉੱਚ ਉਮੀਦਾਂ ਨਿਰਧਾਰਤ ਕਰਨ ਅਤੇ ਚੁਣੌਤੀਪੂਰਨ ਪਰ ਪ੍ਰਾਪਤ ਕਰਨ ਯੋਗ ਟੀਚਿਆਂ ਨੂੰ ਵਿਕਸਤ ਕਰਨ, ਵਿਦਿਆਰਥੀਆਂ ਦੀਆਂ ਵੱਖ-ਵੱਖ ਜ਼ਰੂਰਤਾਂ ਨੂੰ ਪੂਰਾ ਕਰਨ ਅਤੇ ਉਨ੍ਹਾਂ ਦੇ ਸੰਪੂਰਨ ਵਿਕਾਸ 'ਤੇ ਵਿਚਾਰ ਕਰਨ ਦੀ ਸਮਰੱਥਾ। |
